ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 39
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 9 February, 2026) ਸੋਮਵਾਰ , 9 ਫਰਵਰੀ, 2026, 27 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ ਚੜ੍ਹਦੀਕਲਾ ਵੱਲੋਂ 'ਵੱਡਾ ਘੱਲੂਘਾਰਾ (ਕੁੱਪ ਰੋਹੀੜਾ) ਦੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ।

*ਅਮਰੀਕਾ ਵੱਲੋਂ ਵੱਡਾ ਖ਼ੁਲਾਸਾ*

## ਗਲਵਾਨ ਝੜਪ ਤੋਂ ਹ਼ਫਤੇ ਬਾਅਦ ਚੀਨ ਨੇ ਕੀਤਾ ਸੀ ਗੁਪਤ ਪ੍ਰਮਾਣੂ ਧਮਾਕਾ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਅਮਰੀਕਾ ਨੇ ਦਾਅਵਾ ਕੀਤਾ ਹੈ ਕਿ ਚੀਨ ਨੇ ਭੂਚਾਲ ਸੰਬੰਧੀ ਨਿਗਰਾਨੀ ਦੀ ਪ੍ਰਭਾਵਸ਼ੀਲਤਾ ਨੂੰ ਘਟਾਉਣ ਵਾਲੇ ਤਰੀਕੇ ਦੀ ਵਰਤੋਂ ਕਰਕੇ ਗੁਪਤ ਪ੍ਰਮਾਣੂ ਵਿਸਫੋਟਕ ਪ੍ਰੀਖਣ 2020 ਵਿੱਚ ਗਲਵਾਨ ਝੜਪ ਤੋਂ ਤੁਰੰਤ ਬਾਅਦ ਕੀਤੇ ਗਏ ਸਨ। ਅਮਰੀਕੀ ਵਿਦੇਸ਼ ਉਪ ਸਕੱਤਰ ਥੌਮਸ ਜੀ. ਡਿਨਾਨੋ ਨੇ ਕਿਹਾ ਕਿ ਚੀਨ ਨੇ 22 ਜੂਨ, 2020 ਨੂੰ ਅਜਿਹਾ ਹੀ ਇੱਕ ਪ੍ਰਮਾਣੂ ਪ੍ਰੀਖਣ ਕੀਤਾ ਸੀ। ਇਹ ਗਲਵਾਨ ਝੜਪ ਦੇ ਠੀਕ ਇੱਕ ਹ਼ਫ਼ਤੇ ਬਾਅਦ ਦੀ ਗੱਲ ਹੈ, ਜਦੋਂ ਭਾਰਤ ਦੀ ਰੱਖਿਆ ਕਰਦੇ ਹੋਏ 20 ਭਾਰਤੀ ਸੈਨਿਕ ਸ਼ਹੀਦ ਹੋ ਗਏ ਸਨ ਅਤੇ 30 ਤੋਂ ਵੱਧ ਚੀਨੀ ਸੈਨਿਕ ਮਾਰੇ ਗਏ ਸਨ। ਅਮਰੀਕੀ ਅਧਿਕਾਰੀ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਵਿੱਚ ਕਿਹਾ, ਚੀਨ ਨੇ ਪ੍ਰਮਾਣੂ ਵਿਸਫੋਟਕ ਪ੍ਰੀਖਣ ਕੀਤੇ, ਜਿਸ ਵਿੱਚ ਸੈਂਕੜੇ ਟਨ ਦੀ ਨਿਰਧਾਰਤ ਸਮਰੱਥਾ ਵਾਲੇ ਟੈਸਟਾਂ ਦੀ ਤਿਆਰੀ ਵੀ ਸ਼ਾਮਲ ਹੈ। ਚੀਨ ਨੇ ਆਪਣੀਆਂ ਗਤੀਵਿਧੀਆਂ ਨੂੰ ਦੁਨੀਆ ਤੋਂ ਛੁਪਾਉਣ ਲਈ ਡੀਕਪਲਿੰਗ (ਭੂਚਾਲ ਨਿਗਰਾਨੀ ਨੂੰ ਚਕਮਾ ਦੇਣ ਦਾ ਇੱਕ ਤਰੀਕਾ) ਦੀ ਵਰਤੋਂ ਕੀਤੀ ਹੈ। ਚੀਨ ਨੇ 22 ਜੂਨ, 2020 ਨੂੰ ਅਜਿਹੀ ਹੀ ਸਮਰੱਥਾ ਵਾਲਾ ਇੱਕ ਪ੍ਰਮਾਣੂ ਪ੍ਰੀਖਣ ਕੀਤਾ ਸੀ। ਅਮਰੀਕੀ ਅਧਿਕਾਰੀ ਡਿਨਾਨੋ ਨੇ ਇੱਕ ਨਵੇਂ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ, ਜੋ ਅੱਜ ਦੇ ਖ਼ਤਰਿਆਂ ਨਾਲ ਨਜਿੱਠ ਸਕੇ, ਨਾ ਕਿ ਬੀਤੇ ਸਮੇਂ ਦੇ ਖ਼ਤਰਿਆਂ ਨਾਲ। ਡਿਨਾਨੋ ਨੇ ਚੀਨ ਦੁਆਰਾ ਕੀਤੇ ਗਏ ਪ੍ਰਮਾਣੂ ਵਿਸਫੋਟਕ ਪ੍ਰੀਖਣ ਦੀ (ਬਾਕੀ ਸਫਾ 2 'ਤੇ)




## ਭਾਰਤ-ਮਲੇਸ਼ੀਆ ਵੱਲੋਂ 6 ਵੱਡੇ ਸਮਝੌਤਿਆਂ 'ਤੇ ਮੋਹਰ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਦੀ ਮੌਜੂਦਗੀ ਵਿੱਚ ਭਾਰਤ ਅਤੇ ਮਲੇਸ਼ੀਆ ਵਿਚਾਲੇ ਛੇ ਅਹਿਮ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ। ਕੁਆਲਾਲੰਪੁਰ ਵਿੱਚ ਹੋਈ ਇਸ ਦੁਵੱਲੀ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਨੇ ਸੱਭਿਆਚਾਰਕ, ਆਰਥਿਕ ਅਤੇ ਰਣਨੀਤਕ ਸਹਿਯੋਗ ਨੂੰ ਹੋਰ ਡੂੰਘਾ ਕਰਨ 'ਤੇ ਸਹਿਮਤੀ ਜਤਾਈ। ਪ੍ਰਧਾਨ ਮੰਤਰੀ ਮੋਦੀ ਦੀ ਦੋ ਦਿਨਾ ਮਲੇਸ਼ੀਆ ਯਾਤਰਾ ਦੌਰਾਨ ਦੋਵਾਂ ਨੇਤਾਵਾਂ ਵਿਚਾਲੇ ਵਿਸਤ੍ਰਿਤ ਗੱਲਬਾਤ ਹੋਈ। ਵਿਦੇਸ਼ ਮੰਤਰਾਲੇ ਅਨੁਸਾਰ, ਇਹ ਯਾਤਰਾ ਭਾਰਤ-ਮਲੇਸ਼ੀਆ ਦੀ ਵਿਆਪਕ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਪੜਾਅ ਰਹੀ। ਗੱਲਬਾਤ 'ਚ ਵਪਾਰ, ਨਿਵੇਸ਼, ਸੈਮੀਕੰਡਕਟਰ, ਰੱਖਿਆ, ਸੁਰੱਖਿਆ, ਸਮੁੰਦਰੀ ਸਹਿਯੋਗ, ਊਰਜਾ, ਨਵਿਆਉਣਯੋਗ ਸਰੋਤ, ਸੈਰ-ਸਪਾਟਾ, ਸੱਭਿਆਚਾਰਕ ਆਦਾਨ-ਪ੍ਰਦਾਨ, ਡਿਜੀਟਲ ਅਤੇ ਨਵੀਆਂ ਤਕਨੀਕਾਂ ਵਰਗੇ ਕਈ ਖੇਤਰਾਂ 'ਤੇ ਚਰਚਾ ਹੋਈ। ਦੋਵਾਂ ਨੇਤਾਵਾਂ ਨੇ (ਬਾਕੀ ਸਫਾ 2 'ਤੇ)




### ਮਲੇਸ਼ੀਆ 'ਚ ਪ੍ਰਧਾਨ ਮੰਤਰੀ ਦਾ ਅੱਤਵਾਦ ਖ਼ਿਲਾਫ਼ ਸਖ਼ਤ ਸੰਦੇਸ਼

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਦਾਤੋ ਸੇਰੀ ਅਨਵਰ ਇਬਰਾਹਿਮ ਵਿਚਾਲੇ ਹੋਈ ਦੁਵੱਲੀ ਬੈਠਕ ਦੌਰਾਨ ਦੋਵਾਂ ਦੇਸ਼ਾਂ ਨੇ ਅੱਤਵਾਦ ਦੇ ਹਰ ਰੂਪ ਦੀ ਸਖ਼ਤ ਨਿਖੇਧੀ ਕੀਤੀ। ਮੋਦੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅੱਤਵਾਦ ਦੇ ਮੁੱਦੇ ਤੇ ਭਾਰਤ ਦਾ ਸਟੈਂਡ ਬਹੁਤ ਸਪੱਸ਼ਟ ਹੈ- ਇਸ ਵਿੱਚ ਨਾ ਤਾਂ ਕੋਈ ਦੋਹਰਾ ਮਾਪਦੰਡ ਚੱਲੇਗਾ ਅਤੇ ਨਾ ਹੀ ਕੋਈ ਸਮਝੌਤਾ ਕੀਤਾ ਜਾਵੇਗਾ। ਇਸ ਮੌਕੇ ਮੋਦੀ ਨੇ ਕਿਹਾ ਕਿ ਭਾਰਤ ਮਲੇਸ਼ੀਆ ਨਾਲ ਆਪਣੇ ਸਬੰਧਾਂ ਨੂੰ ਇੱਕ ਨਵੀਂ ਉਚਾਈ 'ਤੇ ਲਿਜਾਣਾ ਚਾਹੁੰਦਾ ਹੈ। ਮੋਦੀ ਦੀ ਇਸ ਫੇਰੀ ਦੌਰਾਨ ਵਿਵਾਦਤ ਪ੍ਰਚਾਰਕ ਜ਼ਾਕਿਰ ਨਾਇਕ ਦੀ ਹਵਾਲਗੀ ਦਾ ਮੁੱਦਾ ਵੀ ਚਰਚਾ ਵਿੱਚ ਰਿਹਾ। ਵਿਦੇਸ਼ ਮੰਤਰਾਲੇ ਅਨੁਸਾਰ, ਭਾਰਤ ਇਸ ਮਾਮਲੇ ਨੂੰ ਲਗਾਤਾਰ ਉਠਾ ਰਿਹਾ ਹੈ ਅਤੇ ਲੋੜੀਂਦੀਆਂ ਤਕਨੀਕੀ ਪ੍ਰਕਿਰਿਆਵਾਂ ਪੂਰੀਆਂ ਹੋਣ ਤੱਕ ਇਹ ਕੋਸ਼ਿਸ਼ ਜਾਰੀ ਰਹੇਗੀ। ਪ੍ਰਧਾਨ ਮੰਤਰੀ ਨੇ ਦੋਵਾਂ ਦੇਸ਼ਾਂ ਦੇ ਸਾਂਝੇ ਸੱਭਿਆਚਾਰਕ ਵਿਰਸੇ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਜ਼ਿਕਰ ਕਰਦਿਆਂ ਇਸ ਨੂੰ ਇੱਕ ਬਹੁਤ ਖਾਸ ਰਿਸ਼ਤਾ ਦੱਸਿਆ। ਦੂਜੇ ਪਾਸੇ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ਵੀ ਭਾਰਤ ਦੀ ਵਿਸ਼ਵ ਪੱਧਰ 'ਤੇ ਵਧ ਰਹੀ ਆਰਥਿਕ ਤਾਕਤ ਦੀ ਸ਼ਲਾਘਾ (ਬਾਕੀ ਸਫਾ 2 'ਤੇ)

### ਪੰਜਾਬ ਸਰਕਾਰ ਵੱਲੋਂ 2 ਆਈ.ਏ.ਐੱਸ. ਅਧਿਕਾਰੀ ਮੁਅੱਤਲ

ਚੰਡੀਗੜ੍ਹ , 8 ਫਰਵਰੀ (ਚੜ੍ਹਦੀਕਲਾ ਬਿਊਰੋ) :ਪੰਜਾਬ ਸਰਕਾਰ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਸਰਕਾਰ ਵੱਲੋਂ 2 ਆਈ.ਏ.ਐੱਸ. ਅਧਿਕਾਰੀਆਂ ਨੂੰ ਸਸਪੈਂਡ ਕੀਤਾ ਗਿਆ ਹੈ ਤੇ ਨਾਲ ਹੀ ਇਕ ਵਧੀਕ ਮੁੱਖ ਸਕੱਤਰ ਤੇ ਇਕ ਸੰਯੁਕਤ ਸਕੱਤਰ ਦਾ ਤਬਾਦਲਾ ਵੀ ਕੀਤਾ ਗਿਆ ਹੈ। ਇਹ ਕਾਰਵਾਈ ਆਂਗਨਵਾੜੀ ਵਰਕਰਾਂ ਲਈ ਸਮਾਰਟ ਫੋਨ ਖਰੀਦਣ ਵਿਚ ਦੇਰੀ ਅਧੀਨ ਕੀਤੀ ਗਈ ਹੈ। ਉਦਯੋਗ ਨਿਵੇਸ਼ ਪ੍ਰਮੋਸ਼ਨ ਅਤੇ ਸੂਚਨਾ ਟੈਕਨਾਲੋਜੀ ਪ੍ਰਮੋਸ਼ਨ ਦੇ ਪ੍ਰਸ਼ਾਸਕੀ ਸਕੱਤਰ ਕਮਲ ਕਿਸ਼ੋਰ ਯਾਦਵ ਤੇ ਪੰਜਾਬ ਇੰਫੋਟੈੱਕ ਦੇ ਪ੍ਰਬੰਧ ਨਿਰਦੇਸ਼ਕ ਜਸਪ੍ਰੀਤ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਗਿਆ ਹੈ ਜਿਸ ਦੇ ਲਈ ਪੰਜਾਬ ਸਰਕਾਰ ਵੱਲੋਂ ਬਾਕਾਇਦਾ ਹੁਕਮ ਜਾਰੀ ਕੀਤੇ ਗਏ ਹਨ। ਸਸਪੈਂਸ਼ਨ ਆਰਡਰਾਂ ਦੀ ਕਾਪੀ ਵੀ ਸਾਹਮਣੇ ਆਈ ਹੈ ਜਿਸ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਇਨ੍ਹਾਂ (ਬਾਕੀ ਸਫਾ 2 'ਤੇ)

## ਪੰਜਾਬ ਦੇ ਮੌਸਮ 'ਚ ਬਦਲਾਅ ,13 ਫਰਵਰੀ ਤੱਕ ਦਿਨੇ ਤੇਜ਼ ਹਵਾਵਾਂ ਚੱਲਣ ਦੀ ਭਵਿੱਖਬਾਣੀ



ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 8 ਫਰਵਰੀ : ਪੰਜਾਬ ਦੇ ਮੌਸਮ ਚ ਹਲਕਾ ਜਿਹਾ ਬਦਲਾਅ ਵੇਖਣ ਨੂੰ ਮਿਲਿਆ ਹੈ। ਪੰਜਾਬ ਅਤੇ ਚੰਡੀਗੜ੍ਹ 'ਚ ਸ਼ਾਮ ਸਮੇਂ ਠੰਢੀਆਂ ਹਵਾਵਾਂ ਚੱਲਣ ਨਾਲ ਲੋਕਾਂ ਨੂੰ ਹਲਕੀ ਠੰਢ ਦਾ ਅਹਿਸਾਸ ਹੋਇਆ। ਉਥੇ ਹੀ ਆਉਣ ਵਾਲੇ ਦਿਨਾਂ ਨੂੰ ਲੈ ਕੇ ਪੰਜਾਬ ਦੇ ਮੌਸਮ ਸਬੰਧੀ ਆਈ. ਐਮ.ਡੀ. ਚੰਡੀਗੜ੍ਹ ਵਿਭਾਗ ਵੱਲੋਂ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 13 ਫਰਵਰੀ ਤੱਕ ਤਾਜ਼ਾ ਅਪਡੇਟ ਜਾਰੀ ਕੀਤੀ ਗਈ ਹੈ। ਉਥੇ ਹੀ ਬਾਰਿਸ਼ ਸਬੰਧੀ ਜਾਂ ਧੁੰਦ (ਬਾਕੀ ਸਫਾ 2 'ਤੇ)

### ਫ਼ਰੀਦਕੋਟ ਤੇ ਹੁਸ਼ਿਆਰਪੁਰ 5 ਡਿਗਰੀ ਨਾਲ ਰਹੇ ਸਭ ਤੋਂ ਠੰਢੇ

ਚੰਡੀਗੜ੍ਹ, 8 ਫਰਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਕਈ ਹਿੱਸਿਆਂ ਵਿੱਚ ਐਤਵਾਰ ਨੂੰ ਕੜਾਕੇ ਦੀ ਠੰਢ ਦਾ ਦੌਰ ਜਾਰੀ ਰਿਹਾ, ਜਿਸ ਨਾਲ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਫ਼ਰੀਦਕੋਟ ਅਤੇ ਹੁਸ਼ਿਆਰਪੁਰ ਵਿੱਚ ਘੱਟੋ-ਘੱਟ ਤਾਪਮਾਨ 5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਸੂਬੇ ਵਿੱਚ ਸਭ ਤੋਂ ਘੱਟ ਰਿਹਾ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਵਿੱਚ 5.6 ਡਿਗਰੀ, ਅੰਮ੍ਰਿਤਸਰ ਵਿੱਚ 5.7 ਡਿਗਰੀ ਅਤੇ ਬਠਿੰਡਾ ਵਿੱਚ ਤਾਪਮਾਨ 6.2 ਡਿਗਰੀ ਸੈਲਸੀਅਸ (ਬਾਕੀ ਸਫਾ 2 'ਤੇ)

### ਫ਼ੱਗਣ ਮੱਸਿਆ 'ਤੇ ਲੱਗੇਗਾ ਸਾਲ ਦਾ ਪਹਿਲਾ ਸੂਰਜ ਗ੍ਰਹਿਣ

ਨਵੀਂ ਦਿੱਲੀ , 8 ਫਰਵਰੀ (ਚੜ੍ਹਦੀਕਲਾ ਬਿਊਰੋ) : ਵੈਦਿਕ ਪੰਚਾਂਗ ਅਨੁਸਾਰ, 17 ਫਰਵਰੀ ਨੂੰ ਫੱਗਣ ਮੱਸਿਆ ਹੈ। ਸਨਾਤਨ ਧਰਮ ਚ ਮੱਸਿਆ ਦੀ ਤਿਥੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਸ਼ੁਭ ਮੌਕੇ ਤੇ ਗੰਗਾ ਇਸ਼ਨਾਨ ਕਰ ਕੇ ਭਗਵਾਨ ਸ਼ਿਵ ਦੀ ਪੂਜਾ, ਜਪ-ਤਪ ਤੇ ਦਾਨ-ਪੁੰਨ ਕੀਤਾ ਜਾਂਦਾ ਹੈ।


ਨਾਲ ਹੀ ਪਿੱਤਰਾਂ ਦਾ ਤਰਪਣ ਅਤੇ ਪਿੰਡ ਦਾਨ ਵੀ ਕੀਤਾ ਜਾਂਦਾ ਹੈ। ਮੱਸਿਆ ਵਾਲੇ ਦਿਨ ਦੇਵਾਂ ਦੇ ਦੇਵ ਮਹਾਂਦੇਵ ਦੀ ਪੂਜਾ ਕਰਨ ਨਾਲ ਵਿਅਕਤੀ ਨੂੰ ਜੀਵਨ ਦੇ ਹਰ ਪ੍ਰਕਾਰ ਦੇ ਦੁੱਖਾਂ ਅਤੇ ਸੰਕਟਾਂ ਤੋਂ ਮੁਕਤੀ ਮਿਲਦੀ ਹੈ। ਜੋਤਿਸ਼ ਗਣਨਾ ਅਨੁਸਾਰ, ਫੱਗਣ ਮੱਸਿਆ ਵਾਲੇ ਦਿਨ ਸਾਲ ਦਾ ਪਹਿਲਾ ਸੂਰਜ ਗ੍ਰਹਿਣ ਲੱਗਣ ਵਾਲਾ ਹੈ। ਸੂਰਜ ਗ੍ਰਹਿਣ ਦੌਰਾਨ ਰਾਹੂ ਦਾ ਪ੍ਰਭਾਵ ਵੱਧ ਜਾਂਦਾ ਹੈ। ਇਸ ਲਈ ਗ੍ਰਹਿਣ ਦੌਰਾਨ ਸ਼ੁਭ ਕੰਮ ਨਹੀਂ ਕੀਤੇ ਜਾਂਦੇ। ਸੂਰਜ ਗ੍ਰਹਿਣ ਦੇ ਸਮੇਂ ਕਈ ਰਾਸ਼ੀਆਂ ਦੇ ਜਾਤਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ।

*ਸੰਘ ਮੁਖੀ ਦੀ ਪਰਿਵਾਰਾਂ ਨੂੰ ਸਲਾਹ*

## 19 ਤੋਂ 25 ਸਾਲ 'ਚ ਵਿਆਹ, ਤਿੰਨ ਬੱਚੇ ਜ਼ਰੂਰੀ: ਮੋਹਨ ਭਾਗਵਤ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਡਾਕਟਰਾਂ ਅਤੇ ਅਬਾਦੀ ਵਿਗਿਆਨੀਆਂ ਨੂੰ ਸੁਝਾਵਾਂ ਦਾ ਹਵਾਲਾ ਦਿੰਦੇ ਹੋਏ, ਸਮਾਜਿਕ ਸੰਤੁਲਨ ਤੇ ਲੰਮੇ ਸਮੇਂ ਤੱਕ ਅਬਾਦੀ ਸਥਿਰਤਾ ਨੂੰ ਬਣਾਈ ਰੱਖਣ ਲਈ ਤਿੰਨ ਬੱਚਿਆਂ ਵਾਲੇ ਪਰਿਵਾਰ ਦੇ ਵਕਾਲਤ ਕੀਤੀ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ 19 ਤੋਂ 25 ਸਾਲ ਦੀ ਉਮਰ ਦੇ ਵਿਚਕਾਰ ਛੋਟੀ ਉਮਰ ਦਾ ਵਿਆਹ ਅਤੇ ਤਿੰਨ ਬੱਚੇ ਪੈਦਾ ਕਰਨਾ ਜੋੜਿਆਂ ਨੂੰ ਸਿਹਤਮੰਦ ਅਤੇ ਖੁਸ਼ ਰੱਖਦਾ ਹੈ। ਇੱਕ-ਬੱਚੇ ਵਾਲੀ ਪਾਲਿਸੀ ਨੂੰ ਖਾਰਿਜ ਕਰਦੇ ਹੋਏ ਅਤੇ ਡਿੱਗਦੀ ਪ੍ਰਜਨਨ ਦਰ ਦਾ ਜਸ਼ਨ ਮਨਾਉਣ ਖਿਲਾਫ ਚੇਤਾਵਨੀ ਦਿੰਦੇ ਹੋਏ, ਭਾਗਵਤ ਨੇ ਕਿਹਾ ਕਿ 2.3 ਤੋਂ ਘੱਟ ਆਬਾਦੀ ਵਾਧਾ ਦਰ ਗਿਰਾਵਟ ਦੀ ਨਿਸ਼ਾਨੀ ਹੈ, ਤਰੱਕੀ ਦੀ ਨਹੀਂ। ਭਾਗਵਤ ਮੁੰਬਈ ਵਿੱਚ ਆਯੋਜਿਤ ਆਰ.ਐਸ.ਐਸ. ਦੇ 100 ਸਾਲ: ਨਵੇਂ ਹੋਰਾਈਜ਼ਨਜ਼ ਸਿਰਲੇਖ ਵਾਲੀ ਆਪਣੀ ਇੰਟਰਐਕਟਿਵ ਲੈਕਚਰ ਲੜੀ ਦੇ ਦੂਜੇ (ਬਾਕੀ ਸਫਾ 2 'ਤੇ)



### ਗੌਰਵ ਗੋਗੋਈ, ਬ੍ਰਿਟਿਸ਼ ਪਤਨੀ ਦਾ ਪਾਕਿ ਏਜੰਟ ਨਾਲ 'ਡੂੰਘਾ ਸਬੰਧ': ਹਿਮੰਤ ਬਿਸਵਾ

ਗੁਹਾਟੀ , 8 ਫਰਵਰੀ (ਚੜ੍ਹਦੀਕਲਾ ਬਿਊਰੋ) : ਅਸਮ ਦੇ ਮੁੱਖ ਮੰਤਰੀ ਹਿਮੰਤ ਵਿਸ਼ਵ ਸ਼ਰਮਾ ਨੇ ਐਤਵਾਰ ਨੂੰ ਦੋਸ਼ ਲਾਇਆ ਕਿ ਕਾਂਗਰਸ ਸੰਸਦ ਮੈਂਬਰ ਗੌਰਵ ਗੋਗੋਈ ਅਤੇ ਉਨ੍ਹਾਂ ਦੀ ਬ੍ਰਿਟਿਸ਼ ਪਤਨੀ ਐਲਿਜ਼ਾਬੈੱਥ ਕੋਲਬਰਨ ਦੇ ਪਾਕਿਸਤਾਨੀ ਨਾਗਰਿਕ ਅਲੀ ਤੌਕੀਰ ਸ਼ੇਖ ਵਿਚਕਾਰ 'ਡੂੰਘੇ ਸਬੰਧ' ਹਨ ਅਤੇ ਖੁਫ਼ੀਆ ਬਿਊਰੋ (ਆਈ.ਬੀ.) ਤੋਂ ਮਿਲੀ ਸੂਚਨਾ ਗੁਪਤ ਰੂਪ 'ਚ ਗੁਆਂਢੀ ਦੇਸ਼ ਨੂੰ ਦਿਤੀ ਗਈ ਸੀ। ਸੂਬੇ 'ਚ ਪ੍ਰਸਤਾਵਿਤ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਥੇ ਇਕ ਪ੍ਰੈੱਸ ਕਾਨਫ਼ਰੰਸ 'ਚ ਸ਼ਰਮਾ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਐਲਿਜ਼ਾਬੈੱਥ ਭਾਰਤ 'ਚ ਤੌਕੀਰ ਦੇ 'ਲੀਡ ਪਾਕਿਸਤਾਨ' ਸੰਗਠਨ ਲਈ ਕੰਮ ਕਰ ਰਹੀ ਸੀ, ਤਾਂ ਸ਼ੇਖ ਵਲੋਂ ਉਨ੍ਹਾਂ ਨੂੰ ਤਨਖ਼ਾਹ ਦਾ ਭੁਗਤਾਨ ਕਰਨ ਲਈ ਵਿਦੇਸ਼ੀ ਅੰਸ਼ਦਾਨ (ਬਾਕੀ ਸਫਾ 2 'ਤੇ)

### ਗੁਰਦੁਆਰਾ ਅੰਬ ਸਾਹਿਬ ਜ਼ਮੀਨ ਵਿਵਾਦ ਮਾਮਲੇ 'ਚ ਮੈਨੇਜਰ ਸਮੇਤ 7 ਲੋਕਾਂ ਖ਼ਿਲਾਫ਼ ਮਾਮਲਾ ਦਰਜ

ਚੜ੍ਹਦੀਕਲਾ ਬਿਊਰੋ
================

ਮੋਹਾਲੀ, 8 ਫਰਵਰੀ : ਮੋਹਾਲੀ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਨਾਲ ਜੁੜਿਆ ਜ਼ਮੀਨੀ ਵਿਵਾਦ ਹੁਣ ਪੁਲਿਸ ਕਾਰਵਾਈ ਤੱਕ ਪਹੁੰਚ ਗਿਆ ਹੈ। ਪਿਛਲੇ ਕਈ ਦਿਨਾਂ ਤੋਂ ਭੱਖ ਰਹੇ ਇਸ ਮਾਮਲੇ ਵਿੱਚ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਸਮੇਤ ਸੱਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਇਹ ਮਾਮਲਾ ਮੋਹਾਲੀ ਦੇ ਥਾਣਾ ਸੋਹਾਣਾ ਵਿਖੇ ਦਰਜ ਕੀਤਾ ਗਿਆ ਹੈ। ਐਫ.ਆਈ.ਆਰ. ਵਿੱਚ ਗੁਰਦੁਆਰਾ ਮੈਨੇਜਰ ਅਤੇ 6 ਹੋਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹ ਪੂਰਾ ਮਾਮਲਾ 44 ਮਰਲੇ ਜ਼ਮੀਨ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। (ਬਾਕੀ ਸਫਾ 2 'ਤੇ)



## ਬਸਪਾ ਸੰਗਠਨ 'ਚ ਵੱਡਾ ਫੇਰਬਦਲ ਮਾਇਆਵਤੀ ਵੱਲੋਂ ਅਹਿਮ ਅਹੁਦੇ ਖ਼ਤਮ

*ਨੌਜਵਾਨਾਂ ਨੂੰ ਪਾਰਟੀ 'ਚ ਮਿਲੇਗਾ 50 ਫੀਸਦੀ ਮੌਕਾ*

ਚੜ੍ਹਦੀਕਲਾ ਬਿਊਰੋ
================

ਲਖਨਊ, 8 ਫਰਵਰੀ : ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਜੁਟੀ ਬਸਪਾ ਸੁਪਰੀਮੋ ਮਾਇਆਵਤੀ ਨੇ ਬੂਥ ਅਤੇ ਸੈਕਟਰ ਪੱਧਰ ਤੱਕ ਪਾਰਟੀ ਸੰਗਠਨ ਨੂੰ ਨਵੇਂ ਸਿਰੇ ਤੋਂ ਖੜ੍ਹਾ ਕਰਨ ਦਾ ਫੈਸਲਾ ਕੀਤਾ ਹੈ। ਸੰਗਠਨ ਦੇ ਵਿਧਾਨ ਸਭਾ ਪ੍ਰਧਾਨਾਂ, ਜਨਰਲ ਸਕੱਤਰਾਂ ਅਤੇ ਇੰਚਾਰਜਾਂ ਨੂੰ ਜਲਦੀ ਤੋਂ ਜਲਦੀ ਬੂਥ ਅਤੇ ਸੈਕਟਰ ਗਠਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਨਵੇਂ ਸਿਰੇ ਤੋਂ ਗਠਿਤ ਕੀਤੇ ਜਾਣ ਵਾਲੇ ਸੰਗਠਨ ਵਿੱਚ 50 ਫੀਸਦੀ ਨੌਜਵਾਨਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਬਸਪਾ ਮੁਖੀ ਨੇ ਪਾਰਟੀ ਦੇ ਦੋ-ਦੋ ਜ਼ਿਲ੍ਹਾ ਇੰਚਾਰਜਾਂ ਦੇ ਅਹੁਦੇ ਖ਼ਤਮ ਕਰ ਦਿੱਤੇ ਹਨ। ਇਨ੍ਹਾਂ ਨੂੰ ਹੁਣ ਵਿਧਾਨ ਸਭਾ ਇੰਚਾਰਜ ਬਣਾਇਆ ਗਿਆ ਹੈ। ਚੋਣ ਕਮਿਸ਼ਨ ਵੱਲੋਂ 1500 ਦੀ ਬਜਾਏ 1200 ਵੋਟਰਾਂ ਤੇ ਬੂਥ ਬਣਾਏ ਜਾਣ ਕਾਰਨ ਸੂਬੇ ਵਿੱਚ ਬੂਥਾਂ ਦੀ ਗਿਣਤੀ 1.62 ਲੱਖ ਤੋਂ ਵਧ ਕੇ 1.77 ਲੱਖ ਹੋ ਗਈ ਹੈ। ਇਸ ਕਾਰਨ ਪਾਰਟੀ ਵੱਲੋਂ ਪਹਿਲਾਂ ਤੋਂ ਬਣਾਏ ਗਏ ਬੂਥ-ਸੈਕਟਰ ਪੱਧਰ ਦੇ ਸੰਗਠਨ ਹੁਣ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਨਹੀਂ ਰਹੇ। ਲਗਭਗ 15 ਹਜ਼ਾਰ ਨਵੇਂ ਬਣੇ ਬੂਥਾਂ ਤੇ ਅਜੇ ਸੰਗਠਨ ਮੌਜੂਦ ਨਹੀਂ ਹੈ। ਅਹੁਦੇਦਾਰਾਂ ਦੀ ਮੀਟਿੰਗ ਵਿੱਚ ਮਾਇਆਵਤੀ ਨੇ ਸਮੀਖਿਆ ਕਰਕੇ ਨਵੇਂ ਸਿਰੇ ਤੋਂ ਬੂਥ ਅਤੇ ਸੈਕਟਰ ਗਠਿਤ ਕਰਨ ਦੇ ਨਿਰਦੇਸ਼ ਦਿੱਤੇ। ਬਸਪਾ ਮੁਖੀ ਨੇ ਜ਼ਿਲ੍ਹਾ (ਬਾਕੀ ਸਫਾ 2 'ਤੇ)



### ਉੱਡਦੇ-ਉੱਡਦੇ ਖੇਤਾਂ 'ਚ ਆ ਡਿੱਗਾ ਜਹਾਜ਼

ਵਿਜੇਪੁਰਾ (ਕਰਨਾਟਕ) , 8 ਫਰਵਰੀ (ਚੜ੍ਹਦੀਕਲਾ ਬਿਊਰੋ) : ਕਰਨਾਟਕ ਦੇ ਵਿਜੇਪੁਰਾ ਜ਼ਿਲ੍ਹੇ 'ਚ ਐਤਵਾਰ ਦੁਪਹਿਰ ਨੂੰ ਰੇਡ ਬਰਡ ਕੰਪਨੀ ਦਾ ਇੱਕ ਪ੍ਰਾਈਵੇਟ ਜੈੱਟ ਹਾਦਸਾਗ੍ਰਸਤ ਹੋ ਗਿਆ। ਇਹ ਹਾਦਸਾ ਬਾਲੇਸ਼ਵਰ ਤਾਲੁਕਾ ਦੇ ਮੈਂਗਲੋਰ ਪਿੰਡ ਦੇ ਕੋਲ ਵਾਪਰਿਆ। ਇਸ ਘਟਨਾ ਵਿੱਚ ਜਹਾਜ਼ ਵਿੱਚ ਸਵਾਰ ਦੋ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ।ਜਾਣਕਾਰੀ ਮੁਤਾਬਕ, ਜਹਾਜ਼ ਕਾਲਬੁਰਗੀ ਦੇ ਨੇੜੇ ਹਵਾ ਵਿੱਚ ਹੀ ਡਗਮਗਾਉਣ ਲੱਗਾ ਸੀ। ਪਾਇਲਟ ਨੇ ਜਹਾਜ਼ ਨੂੰ ਕੰਟਰੋਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸਫ਼ਲਤਾ ਨਹੀਂ ਮਿਲੀ ਅਤੇ ਜਹਾਜ਼ ਮੈਂਗਲੋਰ ਪਿੰਡ ਦੇ ਇੱਕ ਖੇਤ ਵਿੱਚ ਜਾ ਡਿੱਗਿਆ। ਹਾਦਸੇ ਤੋਂ ਤੁਰੰਤ ਬਾਅਦ ਸਥਾਨਕ ਪੁਲਿਸ ਮੌਕੇ ਤੇ ਪਹੁੰਚ ਗਈ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਜਹਾਜ਼ ਦੇ ਕ੍ਰੈਸ਼ ਹੋਣ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। (ਬਾਕੀ ਸਫਾ 2 'ਤੇ)

### ਪੀ.ਐਸ.ਪੀ.ਸੀ.ਐਲ. ਨੇ ਸਰਕਾਰੀ ਵਿਭਾਗਾਂ 'ਚ ਪ੍ਰੀਪੇਡ ਬਿਜਲੀ ਮੀਟਰ ਲਗਾਉਣੇ ਕੀਤੇ ਲਾਜ਼ਮੀ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 8 ਫਰਵਰੀ : ਪੀ.ਐਸ.ਪੀ.ਸੀ.ਐਲ ਵਿਭਾਗ ਵੱਲੋਂ ਨਵੇਂ ਹੁਕਮ ਜਾਰੀ ਕਰ ਦਿੱਤੇ ਗਏ ਹਨ। ਨਵੇਂ ਜਾਰੀ ਹੁਕਮਾਂ ਅਨੁਸਾਰ ਹੁਣ ਸਰਕਾਰੀ ਵਿਭਾਗਾਂ ਵਿਚ ਪ੍ਰੀਪੇਡ ਮੀਟਰ ਲਗਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਪਹਿਲਾਂ ਰਿਚਾਰਜ ਕਰਵਾਉਣਾ ਪਵੇਗਾ ਤਾਂ ਹੀ ਬਿਜਲੀ ਆਏਗੀ। ਰਿਚਾਰਜ ਖਤਮ ਹੋਣ 'ਤੇ ਤੁਰੰਤ ਕਨੈਕਸ਼ਨ ਕੱਟ ਦਿੱਤਾ ਜਾਵੇਗਾ। ਪ੍ਰੀਪੇਡ ਬਿਜਲੀ ਮੀਟਰ ਲਗਾਉਣੇ ਪੰਜਾਬ ਵਿਚ ਲਾਜ਼ਮੀ ਕਰ ਦਿੱਤੇ ਗਏ ਹਨ। ਸਰਕਾਰੀ ਵਿਭਾਗਾਂ ਲਈ ਪ੍ਰੀਪੇਡ ਬਿਜਲੀ ਮੀਟਰ ਲਗਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਪੀ.ਐਸ.ਪੀ.ਸੀ.ਐਲ ਵਿਭਾਗ ਵੱਲੋਂ ਜਾਰੀ ਹੁਕਮ 45ਕੇ.ਵੀ. ਦੇ ਸਾਰੇ ਸਰਕਾਰੀ ਕੁਨੈਕਸ਼ਨਾਂ 'ਤੇ ਲਾਗੂ ਹੋਣਗੇ। ਜੇਕਰ ਮੀਟਰ ਵਿਚ ਰਿਚਾਰਜ ਖਤਮ ਹੋ ਜਾਂਦਾ ਹੈ ਤਾਂ ਬਿਜਲੀ ਦੀ ਸਪਲਾਈ ਕੱਟ ਦਿੱਤੀ ਜਾਵੇਗੀ। ਵਿਭਾਗਾਂ ਨੂੰ ਮੁੜ ਆਪਣੀ ਸਪਲਾਈ ਚਾਲੂ ਕਰਵਾਉਣ ਲਈ ਦੁਬਾਰਾ ਰਿਚਾਰਜ ਕਰਵਾਉਣਾ ਪਵੇਗਾ। ਇਥੇ ਇਹ ਵੀ ਖਾਸ ਗੱਲ ਦੱਸਣਯੋਗ ਹੈ ਕਿ ਪੰਜਾਬ ਵਿਚ ਵੱਡੇ ਪੱਧਰ 'ਤੇ ਇਸ ਦਾ ਵਿਰੋਧ ਵੀ ਹੋਇਆ ਸੀ ਤੇ ਕਿਸਾਨਾਂ ਵੱਲੋਂ ਪ੍ਰੀਪੇਡ ਮੀਟਰਾਂ ਦਾ ਵਿਰੋਧ ਕੀਤਾ ਗਿਆ ਸੀ।



### ਪੰਜਾਬ ਦੇ ਸ਼ਾਹੀ ਇਮਾਮ 'ਤੇ ਇੱਟਾਂ ਨਾਲ ਹਮਲਾ

ਲੁਧਿਆਣਾ, 8 ਫਰਵਰੀ (ਚੜ੍ਹਦੀਕਲਾ ਬਿਊਰੋ) : ਲੁਧਿਆਣਾ ਦੀ ਜਾਮਾ ਮਸਜਿਦ ਦੇ ਬਾਹਰ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ 'ਤੇ ਹਮਲਾ ਕੀਤਾ ਗਿਆ। ਇੱਕ ਵਿਅਕਤੀ ਅਤੇ ਉਸ ਦੇ ਪੁੱਤਰਾਂ ਨੇ ਉਨ੍ਹਾਂ 'ਤੇ ਇੱਟਾਂ ਵਰ੍ਹਾਈਆਂ, ਜਦੋਂ ਕਿ ਇੱਕ ਨੇ ਉਨ੍ਹਾਂ ਨੂੰ ਥੱਪੜ ਵੀ ਮਾਰਿਆ। ਸੋਸ਼ਲ ਮੀਡੀਆ 'ਤੇ ਇਸ ਹਮਲੇ ਦੀ ਵੀਡੀਓ ਵੀ ਵਾਇਰਲ ਹੋਈ ਹੈ। ਪੁਲਿਸ ਡਿਵੀਜ਼ਨ-2 ਨੇ ਬ੍ਰਾਊਨ (ਬਾਕੀ ਸਫਾ 2 'ਤੇ)



### ਨਵਾਂ ਆਮਦਨ ਕਰ ਕਾਨੂੰਨ: ਆਮ ਲੋਕਾਂ ਅਤੇ ਮਾਹਿਰਾਂ ਤੋਂ ਮੰਗੇ ਸੁਝਾਅ; ਨਿਯਮਾਂ ਨੂੰ ਸਰਲ ਬਣਾਉਣ ਦੀ ਤਿਆਰੀ

*ਇੱਕ ਅਪ੍ਰੈਲ ਤੋਂ ਲਾਗੂ ਹੋਵੇਗਾ ਨਵਾਂ ਕਾਨੂੰਨ*

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਇਨਕਮ ਟੈਕਸ ਵਿਭਾਗ ਨੇ ਇੱਕ ਅਪ੍ਰੈਲ ਤੋਂ ਲਾਗੂ ਹੋਣ ਜਾ ਰਹੇ 'ਨਵੇਂ ਇਨਕਮ ਟੈਕਸ ਐਕਟ, 2025' ਦੇ ਡਰਾਫਟ ਨਿਯਮਾਂ ਅਤੇ ਫਾਰਮਾਂ ਬਾਰੇ ਸਾਰੇ ਹਿੱਸੇਦਾਰਾਂ ਤੋਂ ਸੁਝਾਅ ਮੰਗੇ ਹਨ। ਵਿਭਾਗ ਨੇ ਦੱਸਿਆ ਕਿ ਪ੍ਰਸਤਾਵਿਤ 'ਇਨਕਮ ਟੈਕਸ ਨਿਯਮ, 2026' ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼ ਨੇ ਮੁੱਖ ਤੌਰ 'ਤੇ ਚਾਰ ਸ਼੍ਰੇਣੀਆਂ-ਭਾਸ਼ਾ ਦਾ ਸਰਲੀਕਰਨ, ਮੁਕੱਦਮੇਬਾਜ਼ੀ ਵਿੱਚ ਕਮੀ, ਪਾਲਣਾ ਦੇ ਬੋਝ ਨੂੰ ਘਟਾਉਣਾ ਅਤੇ ਬੇਲੋੜੇ ਨਿਯਮਾਂ ਨੂੰ ਹਟਾਉਣ ਲਈ ਲੋਕਾਂ ਦੀ ਰਾਏ ਮੰਗੀ ਹੈ। ਨਵੇਂ ਕਾਨੂੰਨ ਦੇ ਆਉਣ ਨਾਲ ਛੇ ਦਹਾਕੇ ਪੁਰਾਣਾ 1961 ਦਾ ਐਕਟ ਖ਼ਤਮ ਹੋ ਜਾਵੇਗਾ। (ਬਾਕੀ ਸਫਾ 2 'ਤੇ)




## ਕੇਂਦਰ ਸਰਕਾਰ ਨੇ ਝੋਨੇ ਦੇ ਉਤਪਾਦਨ ਨੂੰ ਦਸਿਆ ਦੇਸ਼ 'ਤੇ 'ਬੋਝ'

*ਕੇਰਲਾ ਦੇ ਮੁੱਖ ਮੰਤਰੀ ਵਿਜਯਨ ਵੱਲੋਂ ਕੇਂਦਰ ਦੀ ਸਖਤ ਨਿੰਦਾ*

ਚੜ੍ਹਦੀਕਲਾ ਬਿਊਰੋ
================

ਤਿਰੂਵਨੰਤਪੁਰਮ, 8 ਫਰਵਰੀ : ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਵਾਧੂ ਉਤਪਾਦਨ ਨੂੰ "ਬੋਝ" ਕਹਿਣ ਉਤੇ ਤਿੱਖੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਰਵੱਈਆ ਕਿਸਾਨਾਂ ਅਤੇ ਕੇਰਲਾ ਦੋਹਾਂ ਲਈ ਵਿਰੋਧੀ ਹੈ। ਕੇਂਦਰ ਦੇ ਵਿੱਤ ਮੰਤਰਾਲੇ ਨੇ ਸੂਬੇ ਨੂੰ ਝੋਨੇ 'ਤੇ ਕਿਸਾਨਾਂ ਲਈ ਦਿੱਤਾ ਜਾਣ ਵਾਲਾ ਵਾਧੂ ਬੋਨਸ ਰੋਕਣ ਲਈ ਕਿਹਾ ਹੈ। ਕੇਰਲਾ ਸਰਕਾਰ ਕਿਸਾਨਾਂ ਨੂੰ ਝੋਨੇ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐੱਸ.ਪੀ.) ਤੋਂ ਇਲਾਵਾ ਰੁਪਏ 6.31 ਪ੍ਰਤੀ ਕਿਲੋ ਵਾਧੂ ਬੋਨਸ ਦਿੰਦੀ ਹੈ। ਵਿਜਯਨ ਨੇ ਸਵਾਲ ਕੀਤਾ: ਜਦੋਂ ਕਾਰਪੋਰੇਟ ਕਰਜ਼ੇ ਮੁਆਫ਼ ਕੀਤੇ ਜਾ ਸਕਦੇ ਹਨ, ਤਾਂ ਕਿਸਾਨਾਂ ਨੂੰ ਦਿਤਾ ਗਿਆ ਬੋਨਸ ਕਿਵੇਂ ਭਾਰ ਬਣ ਗਿਆ ?" ਉਨ੍ਹਾਂ ਨੇ ਚੇਤਾਵਨੀ ਦਿਤੀ ਕਿ ਜੇਕਰ ਇਹ ਬੋਨਸ ਰੋਕਿਆ ਗਿਆ ਤਾਂ ਭੋਜਨ ਸੁਰੱਖਿਆ ਅਤੇ ਖ਼ੁਦਮੁਖਤਿਆਰਤਾ ਨੂੰ ਵੱਡਾ ਖ਼ਤਰਾ ਪੈ ਸਕਦਾ ਹੈ। ਲੇਫਟ ਡੈਮੋਕ੍ਰੈਟਿਕ ਫਰੰਟ (ਐਲ.ਡੀ.ਐਫ਼.) ਦੇ ਕਨਵੀਨਰ ਟੀ.ਪੀ. ਰਾਮਕ੍ਰਿਸ਼ਨਨ ਨੇ ਵੀ ਕਿਹਾ: ਇਹ ਫ਼ੈਸਲਾ ਕਿਸਾਨਾਂ ਨੂੰ ਨਿਰਾਸ਼ ਕਰੇਗਾ ਅਤੇ ਦੇਸ਼ ਦੀ ਖੁਰਾਕੀ ਸੁਰੱਖਿਆ ਨੂੰ ਕਮਜ਼ੋਰ ਕਰੇਗਾ।" ਵਿਜਯਨ ਨੇ ਇਹ ਵੀ ਇਸ਼ਾਰਾ ਕੀਤਾ ਕਿ ਇਹ ਕਦਮ ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਭਾਰਤੀ ਬਾਜ਼ਾਰ (ਬਾਕੀ ਸਫਾ 2 'ਤੇ)



### ਅਦਾਲਤਾਂ 'ਚ ਕੇਂਦਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਦੀਆਂ ਫੀਸਾਂ ਵਧਾਈਆਂ

*11 ਸਾਲ ਬਾਅਦ ਕਾਨੂੰਨ ਮੰਤਰਾਲੇ ਨੇ ਜਾਰੀ ਕੀਤੇ ਹੁਕਮ*

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 8 ਫਰਵਰੀ : ਕੇਂਦਰੀ ਕਾਨੂੰਨ ਮੰਤਰਾਲੇ ਨੇ ਕਰੀਬ 11 ਸਾਲਾਂ ਬਾਅਦ ਦੇਸ਼ ਭਰ ਦੀਆਂ ਅਦਾਲਤਾਂ 'ਚ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਦੀ ਫੀਸ 'ਚ ਵਾਧਾ ਕੀਤਾ ਹੈ। ਕਾਨੂੰਨ ਮੰਤਰਾਲੇ ਦੇ ਕਾਨੂੰਨੀ ਮਾਮਲਿਆਂ ਦੇ ਵਿਭਾਗ ਨੇ 5 ਫ਼ਰਵਰੀ ਨੂੰ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਕਿ ਹੁਣ ਨਿਯਮਤ ਅਪੀਲ ਅਤੇ ਅੰਤਮ ਸੁਣਵਾਈ ਲਈ ਬਚਾਅ ਪਟੀਸ਼ਨਾਂ ਲਈ ਪੇਸ਼ ਹੋਣ ਵਾਲੇ ਗਰੁੱਪ 'ਏ' ਦੇ ਵਕੀਲਾਂ ਨੂੰ ਪ੍ਰਤੀ ਕੇਸ 21,600 ਰੁਪਏ ਪ੍ਰਤੀ ਦਿਨ ਮਿਲਣਗੇ, ਜਦਕਿ ਗਰੁੱਪ 'ਬੀ' ਅਤੇ 'ਸੀ' ਦੇ ਵਕੀਲਾਂ ਨੂੰ 14,400 ਰੁਪਏ ਦਿਤੇ ਜਾਣਗੇ। ਇਸ ਤੋਂ ਪਹਿਲਾਂ ਗਰੁੱਪ 'ਏ' ਦੇ ਵਕੀਲਾਂ ਲਈ 13,500 ਰੁਪਏ ਅਤੇ ਗਰੁੱਪ ਬੀ ਅਤੇ ਸੀ ਦੇ ਵਕੀਲਾਂ ਲਈ 9,000 ਰੁਪਏ ਫੀਸ ਸੀ। ਸਰਕਾਰੀ ਵਕੀਲਾਂ ਨੂੰ ਅਦਾ (ਬਾਕੀ ਸਫਾ 2 'ਤੇ)




*ਮੁਜ਼ੱਫ਼ਰਨਗਰ ਦੰਗੇ 2013*

### ਕਤਲ ਅਤੇ ਅੱਗਜ਼ਨੀ ਦੇ ਮਾਮਲੇ 'ਚ ਸਬੂਤਾਂ ਦੀ ਕਮੀ ਕਾਰਨ 22 ਮੁਲਜ਼ਮ ਬਰੀ

ਮੁਜ਼ੱਫ਼ਰਨਗਰ, 8 ਫਰਵਰੀ (ਚੜ੍ਹਦੀਕਲਾ ਬਿਊਰੋ) : ਜ਼ਿਲ੍ਹੇ ਦੀ ਇਕ ਅਦਾਲਤ ਨੇ 2013 ਦੇ ਮੁਜ਼ੱਫ਼ਰਨਗਰ ਦੰਗਿਆਂ ਨਾਲ ਜੁੜੇ ਕਤਲ, ਲੁੱਟ ਅਤੇ ਅੱਗਜ਼ਨੀ ਦੇ ਇਕ ਮਾਮਲੇ 'ਚ ਸਬੂਤਾਂ ਦੀ ਕਮੀ ਕਾਰਨ 22 ਮੁਲਜ਼ਮਾਂ ਨੂੰ ਬਰੀ ਕਰ ਦਿਤਾ। ਸਰਕਾਰੀ ਵਕੀਲ ਨਰਿੰਦਰ ਸ਼ਰਮਾ ਨੇ ਕਿਹਾ ਕਿ ਅਪਰ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਨਿਸ਼ਕ ਕੁਮਾਰ ਨੇ ਸਨਿਚਰਵਾਰ ਨੂੰ ਇਹ ਕਹਿੰਦਿਆਂ ਮੁਲਜ਼ਮਾਂ ਨੂੰ ਬਰੀ ਕਰ ਦਿਤਾ ਕਿ ਦੋਸ਼ ਸ਼ੱਕ ਤੋਂ ਪਰ੍ਹੇ ਸਾਬਤ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਅੱਠ ਸਤੰਬਰ 2013 ਨੂੰ ਭੌਰਾਕਲਾ ਥਾਣਾ ਖੇਤਰ ਦੇ ਮੁਹੰਮਦਪੁਰ ਰਾਏਸਿੰਘ ਪਿੰਡ 'ਚ ਵਾਪਰੀਆਂ ਘਟਨਾਵਾਂ ਬਾਰੇ 26 ਲੋਕਾਂ ਵਿਰੁੱਧ ਦੋਸ਼ਪੱਤਰ ਦਾਖ਼ਲ ਕੀਤੇ ਸਨ। ਮੁਕਦਮੇ ਦੀ ਸੁਣਵਾਈ ਦੌਰਾਨ ਚਾਰ ਮੁਲਜ਼ਮਾਂ ਦੀ ਮੌਤ ਹੋ ਗਈ, ਜਿਸ ਤੋਂ (ਬਾਕੀ ਸਫਾ 2 'ਤੇ)

# ਪੰਜਾਬ ਤੇ ਹਰਿਆਣਾ ਦੀਆਂ 21 ਜੁਝਾਰੂ ਜਥੇਬੰਦੀਆਂ ਵੱਲੋਂ ਸਰਬਸੰਮਤੀ ਨਾਲ 22 ਤੋਂ 'ਧਰਮ ਯੁੱਧ ਮੋਰਚਾ' ਲਾਉਣ ਦਾ ਐਲਾਨ

ਚੰਡੀਗੜ੍ਹ, 8 ਫਰਵਰੀ (ਚ.ਨ.ਸ.): ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ ਇਕ ਅਜਿਹਾ ਸਮੂਹ ਹੈ, ਜੋ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਅਤੇ ਚਿੰਨ੍ਹਾਂ ਦੀ ਬੇਅਦਬੀ (ਅਪਮਾਨ) ਨੂੰ ਰੋਕਣ ਲਈ ਸਖ਼ਤ ਕਾਨੂੰਨਾਂ ਦੀ ਮੰਗ ਕਰ ਰਿਹਾ ਹੈ। ਇਸ ਮੋਰਚੇ ਨੇ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਸਖ਼ਤ ਦੰਡਕਾਰੀ ਕਾਨੂੰਨ (ਜਿਵੇਂ ਉਮਰ ਕੈਦ) ਪਾਸ ਕਰਨ ਲਈ ਵਿਧਾਨ ਸਭਾ ਦੇ ਸਪੀਕਰ ਸਮੇਤ ਸੂਬੇ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਮੰਗ-ਪੱਤਰ ਸੌਂਪੇ ਹਨ। ਇਸ ਕਾਨੂੰਨ ਨੂੰ ਪਾਸ ਕਰਵਾਉਣ ਲਈ ਪਿਛਲੇ 16 ਮਹੀਨਿਆਂ ਤੋਂ 400 ਫੁੱਟ ਉੱਚੇ ਟਾਵਰ 'ਤੇ ਬੈਠ ਕੇ ਸੰਘਰਸ਼ ਕਰ ਰਹੇ ਭਾਈ ਗੁਰਜੀਤ ਸਿੰਘ ਖਾਲਸਾ ਨੂੰ ਅੱਜ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਪੰਜਾਬ ਅਤੇ ਹਰਿਆਣਾ ਦੀਆਂ 21 ਜੁਝਾਰੂ ਜਥੇਬੰਦੀਆਂ ਨੇ ਸਰਬਸੰਮਤੀ ਨਾਲ 22 ਫਰਵਰੀ ਤੋਂ ਦੋਬਾਰਾ 'ਧਰਮ ਯੁੱਧ ਮੋਰਚਾ' ਲਾਉਣ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਸਾਲ 1982 ਵਿਚ ਧਰਮ ਯੁੱਧ ਮੋਰਚਾ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਅੰਮ੍ਰਿਤਸਰ ਵਿਚ ਲਾਇਆ ਗਿਆ ਸੀ। ਉੱਥੇ ਹੀ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ-ਬਾਨ-ਸ਼ਾਨ ਨੂੰ ਸਮਰਪਿਤ ਇਸ ਦੂਜੇ ਧਰਮ ਯੁੱਧ ਮੋਰਚੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਤੋਂ ਟਰੈਕਟਰ-ਟਰਾਲੀਆਂ 'ਤੇ ਸਵਾਰ ਹੋ ਕੇ ਪੰਜਾਬੀ 22 ਫਰਵਰੀ ਨੂੰ ਸਮਾਣਾ ਮੋਰਚਾ ਪਾਰਕ ਵਿਚ ਪੱਕਾ ਡੇਰਾ ਲਾਉਣਗੇ, ਜਿੱਥੋਂ 24 ਫਰਵਰੀ ਨੂੰ ਅਣਮਿੱਥੇ ਸਮੇਂ ਲਈ ਹਾਈਵੇਅ ਜਾਮ ਕਰਨ ਲਈ ਕੂਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਜਥੇਬੰਦੀਆਂ ਚਿੰਤਤ ਹਨ।

ਮੋਰਚਾ ਦੇ ਕੋਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ, ਸੀਨੀਅਰ ਆਗੂ ਅਮਿਤੋਜ ਸਿੰਘ ਮਾਨ, ਕਿਸਾਨ ਆਗੂ ਇੰਦਰਜੀਤ ਸਿੰਘ ਘਣੀਆ, ਬਾਬਾ ਭੁਪਿੰਦਰ ਸਿੰਘ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਜਗਦੀਪ ਸਿੰਘ ਥਲੀ, ਮੁੱਖ ਸਲਾਹਕਾਰ ਤਲਵਿੰਦਰ ਸਿੰਘ ਔਲਖ ਸਮੇਤ ਹੋਰ ਜੁਝਾਰੂ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਬੇਅਦਬੀ ਦੇ ਮਾਮਲਿਆਂ ਵਿਚ ਸਖਤ ਸਜ਼ਾ ਦਾ ਕਾਨੂੰਨ ਬਣਾਉਣ ਦੇ ਆਪਣੇ ਵਾਅਦੇ ਤੋਂ ਮੁੱਕਰ ਚੁੱਕੀ ਹੈ। 15 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਿਲੈਕਟ ਕਮੇਟੀ ਨੂੰ ਦਿੱਤਾ 6 ਮਹੀਨੇ ਦਾ ਸਮਾਂ ਵੀ ਖ਼ਤਮ ਹੋ ਚੁੱਕਾ ਹੈ, ਪਰ ਸਰਕਾਰ ਕਾਨੂੰਨ ਲਾਗੂ ਕਰਨ ਨੂੰ ਲੈ ਕੇ ਗੰਭੀਰ ਨਹੀਂ ਹੈ। ਸਰਕਾਰ ਦੇ ਇਸ ਨਿਰਾਸ਼ਾਜਨਕ ਰਵੱਈਏ ਨੂੰ ਵੇਖਦੇ ਹੋਏ ਅਤੇ ਭਾਈ ਗੁਰਜੀਤ ਸਿੰਘ ਦੀ ਦਿਨ-ਬ-ਦਿਨ ਵਿਗੜਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਜਥੇਬੰਦੀਆਂ ਨੇ ਪੱਕਾ ਮੋਰਚਾ ਲਾਉਣ ਦਾ ਫ਼ੈਸਲਾ ਲਿਆ ਹੈ। ਮੀਟਿੰਗ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਸਰਕਾਰ 'ਤੇ ਕਾਨੂੰਨ ਲਾਗੂ ਕਰਨ ਦਾ ਦਬਾਅ ਬਣਾਉਣ ਲਈ ਪਿੰਡ-ਪਿੰਡ ਪ੍ਰਚਾਰ ਕੀਤਾ ਜਾਵੇਗਾ ਅਤੇ ਇਸ ਕਾਰਜ ਲਈ ਗ੍ਰੰਥੀ ਸਿੰਘਾਂ ਦਾ ਸਹਿਯੋਗ ਲਿਆ ਜਾਵੇਗਾ।

ਮੀਟਿੰਗ ਵਿਚ ਦਿੱਲੀ ਕਿਸਾਨ ਮੋਰਚੇ ਦੇ ਆਗੂ ਭਾਈ ਗੁਰਦੀਪ ਸਿੰਘ ਸਿੱਧੂ, ਮਨਜੀਤ ਸਿੰਘ ਨਿਆਲ, ਬਲਜਿੰਦਰ ਸਿੰਘ ਚੰਡਿਆਲਾ, ਮਨਜੀਤ ਸਿੰਘ ਮਛੌਡਾ, ਕੁਲਦੀਪ ਸਿੰਘ ਮੋਹੜੀ, ਸੁਰਜੀਤ ਸਿੰਘ ਭੰਨੋਖੇੜੀ, ਗੁਰਸ਼ਾਦ ਸਿੰਘ ਉਗਾਰਾ, ਗੁਰਦੇਵ ਸਿੰਘ ਗੱਜੂ ਮਾਜਰਾ, ਪਸਵਿੰਦਰ ਸਿੰਘ ਰਤਨਹੇੜੀ, ਚਤਰ ਸਿੰਘ, ਗੁਰਦੀਪ ਸਿੰਘ ਭੰਡਾਲ, ਨਰਿੰਦਰ ਸਿੰਘ ਖੁਸਰੋਪੁਰ, ਕੁਲਦੀਪ ਸਿੰਘ ਕੇਸਰਪੁਰ, ਬਾਬਾ ਸੁਖਦੇਵ ਸਿੰਘ (ਨਾਨਕਸਰ ਸੰਪਰਦਾ), ਵਿਦਿਆਰਥੀ ਆਗੂ ਸੁਖਮਨਪਾਲ ਸਿੰਘ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ), ਗੁਰਮੀਤ ਸਿੰਘ ਥਲੀ (ਸਿੱਖ ਸਦਭਾਵਨਾ ਦਲ), ਜਗਵਿੰਦਰ ਸਿੰਘ ਸਵਰਾਜਪੁਰ (ਸ਼ੇਰੇ ਪੰਜਾਬ ਦਲ), ਕੁਲਵੰਤ ਸਿੰਘ ਖਟੜਾ, ਗੁਰਪ੍ਰੀਤ ਸਿੰਘ ਭਰਾਜ, ਸੁਖਬੀਰ ਸਿੰਘ, ਸਿਮਰਨਜੀਤ ਸਿੰਘ, ਕਮਲਜੀਤ ਸਿੰਘ, ਬਾਬਾ ਗੁਰਦੀਪ ਸਿੰਘ ਭੁੱਲਰ, ਭਾਈ ਸਾਹਿਬ ਸਿੰਘ, ਭਾਈ ਰਣਜੀਤ ਸਿੰਘ, ਰੰਮੀ ਸਹਿਗਲ, ਚੇਅਰਮੈਨ ਹਰਿੰਦਰ ਸਿੰਘ, ਕੁਲਵਿੰਦਰ ਸਿੰਘ ਸਿੱਧੂ, ਸ਼ਿੰਦਰ ਸਿੰਘ, ਬਾਬਾ ਜੱਸਾ ਸਿੰਘ, ਭਾਈ ਜਸਵਿੰਦਰ ਸਿੰਘ, ਬੀਬੀ ਰੁਪਿੰਦਰ ਕੌਰ, ਬਲਜੀਤ ਕੌਰ ਭਿੰਡਰ, ਹਰਜਿੰਦਰ ਕੌਰ, ਮਨਵਿੰਦਰ ਸਿੰਘ, ਲਾਭ ਸਿੰਘ, ਸੁਖਜਿੰਦਰ ਸਿੰਘ ਆਦਿ ਮੌਜੂਦ ਸਨ।

# ਗੁਜਰਾਤ 'ਚ ਡਿਟਰਜੈਂਟ ਤੇ ਯੂਰੀਆ ਨਾਲ ਬਣਾਇਆ ਜਾ ਰਿਹਾ ਸੀ ਜ਼ਹਿਰੀਲਾ ਦੁੱਧ

ਨਵੀਂ ਦਿੱਲੀ, 8 ਫਰਵਰੀ (ਚ.ਨ.ਸ.): ਗੁਜਰਾਤ ਦੇ ਸਾਬਰਕਾਂਠਾ ਵਿੱਚ ਡਿਟਰਜੈਂਟ, ਯੂਰੀਆ ਅਤੇ ਹੋਰ ਰਸਾਇਣਾਂ (ਕੈਮੀਕਲਸ) ਦੀ ਵਰਤੋਂ ਕਰਕੇ ਨਕਲੀ ਦੁੱਧ ਅਤੇ ਲੱਸੀ (ਛਾਛ) ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਹੋਇਆ ਹੈ। ਇਹ ਫੈਕਟਰੀ ਪਿਛਲੇ 5 ਸਾਲਾਂ ਤੋਂ ਚੱਲ ਰਹੀ




ਸੀ। ਅਧਿਕਾਰੀਆਂ ਨੇ ਮੌਕੇ ਤੋਂ 71 ਲੱਖ ਰੁਪਏ ਦਾ ਸਾਮਾਨ ਵੀ ਜ਼ਬਤ ਕੀਤਾ ਹੈ। ਇਸ ਮਾਮਲੇ ਵਿੱਚ ਇੱਕ ਨਾਬਾਲਗ ਸਮੇਤ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਛਾਪਾ ਸ਼੍ਰੀ ਸੱਤਿਆ ਡੇਅਰੀ ਪ੍ਰੋਡਕਟਸ ਨਾਮ ਦੀ ਇੱਕ ਯੂਨਿਟ 'ਤੇ ਮਾਰਿਆ ਗਿਆ, ਜਿੱਥੇ ਕਥਿਤ ਤੌਰ 'ਤੇ ਪਾਣੀ, ਮਿਲਕ ਪਾਊਡਰ, ਕਾਸਟਿਕ ਸੋਡਾ, ਰਿਫਾਇੰਡ ਪਾਮੋਲਿਨ ਤੇਲ, ਰਿਫਾਇੰਡ ਸੋਇਆਬੀਨ ਤੇਲ, ਡਿਟਰਜੈਂਟ ਪਾਊਡਰ ਅਤੇ ਯੂਰੀਆ ਖਾਦ ਮਿਲਾ ਕੇ ਦੁੱਧ ਤਿਆਰ ਕੀਤਾ ਜਾ ਰਿਹਾ ਸੀ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, ਮੁਲਜ਼ਮ 300 ਲੀਟਰ ਅਸਲੀ ਦੁੱਧ ਦੀ ਵਰਤੋਂ ਕਰਕੇ, ਉਸ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਮਿਲਾ ਕੇ ਰੋਜ਼ਾਨਾ 1,700 ਤੋਂ 1,800 ਲੀਟਰ ਦੁੱਧ ਬਣਾਉਂਦੇ ਸਨ। ਇਸ ਦੁੱਧ ਨੂੰ ਪੈਕਟਾਂ ਵਿੱਚ ਪੈਕ ਕਰਕੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਸਪਲਾਈ ਕੀਤਾ ਜਾਂਦਾ ਸੀ।

ਪੁਲਿਸ ਨੇ ਮਿਲਾਵਟ ਲਈ ਵਰਤਿਆ ਜਾਣ ਵਾਲਾ ਜੋ ਸਾਮਾਨ ਜ਼ਬਤ ਕੀਤਾ ਹੈ, ਉਸ ਵਿੱਚ 450 ਕਿਲੋ ਵੇਅ ਪਾਊਡਰ, 625 ਕਿਲੋ ਸਕਿਮਡ ਮਿਲਕ ਪਾਊਡਰ, 300 ਕਿਲੋ ਪ੍ਰੀਮੀਅਮ SMP ਪਾਊਡਰ, ਯੂਰੀਆ ਖਾਦ, ਕਾਸਟਿਕ ਸੋਡਾ, ਡਿਟਰਜੈਂਟ ਪਾਊਡਰ, ਸੋਇਆਬੀਨ ਤੇਲ ਅਤੇ ਪਾਮੋਲਿਨ ਤੇਲ ਸ਼ਾਮਲ ਹਨ। ਇਸ ਤੋਂ ਇਲਾਵਾ, ਵੰਡਣ ਲਈ ਰੱਖਿਆ ਗਿਆ 1,962 ਲੀਟਰ ਮਿਲਾਵਟੀ ਦੁੱਧ ਅਤੇ 1,180 ਲੀਟਰ ਮਿਲਾਵਟੀ ਲੱਸੀ (ਛਾਛ) ਵੀ ਜ਼ਬਤ ਕੀਤੀ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਮਿਲਾਵਟੀ ਚੀਜ਼ਾਂ ਦੀ ਵਰਤੋਂ ਦੁੱਧ ਦਾ ਗਾੜ੍ਹਾਪਣ, ਝੱਗ, ਪ੍ਰੋਟੀਨ ਦੀ ਮਾਤਰਾ ਅਤੇ ਦਿਖਾਵਟ ਨੂੰ ਨਕਲੀ ਤਰੀਕੇ ਨਾਲ ਵਧਾਉਣ ਲਈ ਕੀਤੀ ਜਾਂਦੀ ਸੀ, ਤਾਂ ਜੋ ਗਾਹਕਾਂ ਨੂੰ ਧੋਖਾ ਦਿੱਤਾ ਜਾ ਸਕੇ। ਖ਼ਾਸ ਸੂਚਨਾ ਮਿਲਣ 'ਤੇ ਲੋਕਲ ਕ੍ਰਾਈਮ ਬ੍ਰਾਂਚ, ਫੋਰੈਂਸਿਕ ਸਾਇੰਸ ਲੈਬਾਰਟਰੀ ਅਤੇ ਫੂਡ ਐਂਡ ਡਰੱਗਜ਼ ਵਿਭਾਗ ਦੀ ਇੱਕ ਸਾਂਝੀ ਟੀਮ ਨੇ ਇਹ ਆਪ੍ਰੇਸ਼ਨ ਚਲਾਇਆ। ਤਲਾਸ਼ੀ ਦੌਰਾਨ ਅਧਿਕਾਰੀਆਂ ਨੇ ਵੱਡੀ ਮਾਤਰਾ ਵਿੱਚ ਖ਼ਤਰਨਾਕ ਕੈਮੀਕਲ, ਮਿਲਾਵਟੀ ਪਦਾਰਥ ਅਤੇ ਦੁੱਧ ਬਣਾਉਣ ਤੇ ਪੈਕੇਜਿੰਗ ਵਿੱਚ ਵਰਤੇ ਜਾਣ ਵਾਲੇ ਉਪਕਰਣ ਬਰਾਮਦ ਕੀਤੇ। ਫੈਕਟਰੀ ਨੂੰ ਤੁਰੰਤ ਸੀਲ ਕਰ ਦਿੱਤਾ ਗਿਆ ਹੈ।ਮ

# ਹੋਲੇ ਮਹੱਲੇ ਦੀਆਂ ਤਿਆਰੀਆਂ ਨੂੰ ਲੈ ਕੇ ਚਰਨ ਗੰਗਾ ਖੱਡ ਦੇ ਬੰਨ੍ਹ 'ਤੇ ਨਜਾਇਜ਼ ਝੁੱਗੀਆਂ ਹਟਾਈਆਂ

ਸ੍ਰੀ ਅਨੰਦਪੁਰ ਸਾਹਿਬ, 8 ਫਰਵਰੀ (ਤਰਲੋਚਨ ਸਿੰਘ/ ਹਰਪ੍ਰੀਤ ਸਿੰਘ): ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਹੋਲਾ ਮਹੱਲਾ ਤੋਂ ਪਹਿਲਾਂ ਦੀਆਂ ਸਫਾਈ ਨੂੰ ਮੁੱਖ ਰੱਖਦਿਆਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ਼-ਸੁਥਰਾ ਤੇ ਨਸ਼ਾ-ਮੁਕਤ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਗੁਰਦੀਪ ਸਿੰਘ, ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਸਮੂਹ ਨਗਰ ਕੌਂਸਲ ਟੀਮ ਵੱਲੋਂ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਚਰਨ ਗੰਗਾ ਖੱਡ ਦੇ ਬੰਨ੍ਹ 'ਤੇ ਨਜਾਇਜ਼ ਤੌਰ 'ਤੇ ਬਣੀਆਂ ਝੁੱਗੀਆਂ-ਝੋਪੜੀਆਂ ਨੂੰ ਹਟਾਇਆ ਗਿਆ। ਇਨ੍ਹਾਂ ਥਾਵਾਂ ਤੋਂ ਗੈਰਕਾਨੂੰਨੀ ਤੌਰ 'ਤੇ ਨਸ਼ਿਆਂ ਦਾ ਧੰਦਾ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ, ਜਿਸ ਕਾਰਨ ਇਲਾਕੇ ਦੇ ਵਸਨੀਕਾਂ ਵਿੱਚ ਚਿੰਤਾ ਦਾ ਮਾਹੌਲ ਸੀ।



ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਝੁੱਗੀਆਂ ਨੂੰ ਪਹਿਲਾਂ ਵੀ ਹਟਾਇਆ ਗਿਆ ਸੀ, ਪਰ ਕੁਝ ਲੋਕਾਂ ਵੱਲੋਂ ਮੁੜ ਇੱਥੇ ਕਬਜ਼ਾ ਕਰਕੇ ਨਜਾਇਜ਼ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਵਾਰ ਪੁਲਿਸ ਦੀ ਮੱਦਦ ਨਾਲ ਮੁਹਿੰਮ ਨੂੰ ਸਖ਼ਤੀ ਨਾਲ ਅਮਲ ਵਿੱਚ ਲਿਆ ਕੇ ਇਨ੍ਹਾਂ ਕਬਜ਼ਿਆਂ ਨੂੰ ਦੁਬਾਰਾ ਹਟਾਇਆ ਗਿਆ ਹੈ। ਨਗਰ ਕੌਂਸਲ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਕੀਤਾ ਜਾਵੇ, ਤਾਂ ਜੋ ਸਮਾਜ ਵਿੱਚੋਂ ਨਸ਼ੇ ਵਰਗੇ ਕੋਹੜ ਨੂੰ ਮੁਕਾ ਕੇ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ।

ਇਸ ਮੌਕੇ ਮਦਨ ਲਾਲ ਸੈਨੇਟਰੀ ਇੰਸਪੈਕਟਰ, ਗੁਰਦੇਵ ਸਿੰਘ ਬਹਿਲੂ ਟੈਕਸ ਇੰਸਪੈਕਟਰ, ਸੁਲਿੰਦਰ ਕੁਮਾਰ ਸ਼ਾਂਟੂ, ਰਮੇਸ਼ਵਰ ਸੋਨੀ, ਰਾਮ ਗੋਪਾਲ ਗੋਪੀ, ਪਰਮਜੀਤ ਸੋਨੂੰ ਸਫਾਈ ਸੁਪਰਵਾਈਜ਼ਰ, ਰਜਿੰਦਰ ਕਾਲਾ, ਲੋਕੇਸ਼ ਕੁਮਾਰ, ਰਕੇਸ਼ ਵਿੱਕੀ, ਰੋਹਿਤ ਕੁਮਾਰ, ਸੰਜੂ ਝੱਜ, ਸ਼ਾਮ ਲਾਲ ਕਰੂਰਾ, ਪ੍ਰਦੀਪ ਨਾਹਰ, ਅਨਿਲ ਰਾਣਾ ਆਦਿ ਹਾਜ਼ਰ ਸਨ।

# ਸੋਨੇ ਦੀ ਚੇਨ ਲੈ ਉੱਡਿਆ ਕਬੂਤਰ! ਬਾਜ਼ਾਰ 'ਚ ਪਈਆਂ ਭਾਜੜਾਂ

ਡੇਗਾਨਾ/ਨਾਗੌਰ, 8 ਫਰਵਰੀ (ਚ.ਨ.ਸ.): ਅਸਮਾਨੀ ਚੜ੍ਹ ਰਹੀਆਂ ਸੋਨੇ ਦੀਆਂ ਕੀਮਤਾਂ ਦੇ ਵਿਚਕਾਰ ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਤੋਂ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਇੱਥੇ ਇੱਕ ਕਬੂਤਰ ਗਹਿਣੇ ਵੇਚਣ ਵਾਲੇ ਵਿਅਕਤੀ ਦੀ ਦੁਕਾਨ ਤੋਂ ਇੱਕ ਲੱਖ ਰੁਪਏ ਦੀ ਸੋਨੇ ਦੀ ਚੇਨ ਆਪਣੀ ਚੁੰਝ ਵਿੱਚ ਦਬਾ ਕੇ ਉੱਡ ਗਿਆ। ਕਬੂਤਰ ਦੀ ਇਸ ਘਟਨਾ ਤੋਂ ਬਾਅਦ ਪੂਰੇ ਬਾਜ਼ਾਰ ਵਿੱਚ ਹਫੜਾ-ਦਫੜੀ ਮਚ ਗਈ। ਗਹਿਣੇ ਵਾਲੇ ਦੁਕਾਨਦਾਰ ਵਲੋਂ ਰੌਲਾ ਪਾਉਣ ਤੋਂ ਬਾਅਦ ਲੋਕ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ, ਜੋ ਕਬੂਤਰ ਦੇ ਪਿੱਛੇ ਭੱਜਣ ਲੱਗ ਪਏ।

ਜਾਣਕਾਰੀ ਅਨੁਸਾਰ ਡੇਗਾਨਾ ਕਸਬੇ ਦੇ ਬਾਜ਼ਾਰ ਵਿੱਚ ਇੱਕ ਜਵੈਲਰੀ ਸ਼ੋਅਰੂਮ 'ਤੇ ਸੋਨੇ ਦੀ ਚੇਨ ਤਿਆਰ ਕੀਤੀ ਜਾ ਰਹੀ ਸੀ। ਇਸੇ ਦੌਰਾਨ ਅਚਾਨਕ ਇੱਕ ਕਬੂਤਰ ਦੁਕਾਨ ਦੇ ਅੰਦਰ ਵੜਿਆ ਅਤੇ ਮੇਜ਼ 'ਤੇ ਪਈ ਚਮਕਦੀ ਸੋਨੇ ਦੀ ਚੇਨ ਨੂੰ ਚੁੰਝ ਵਿੱਚ ਫੜ ਕੇ ਉੱਡ ਗਿਆ। ਦੁਕਾਨਦਾਰ ਕੁਝ ਸਮਝ ਪਾਉਂਦਾ, ਇਸ ਤੋਂ ਪਹਿਲਾਂ ਹੀ ਕਬੂਤਰ ਅਸਮਾਨ ਵੱਲ ਨੂੰ ਉੱਡ ਗਿਆ। ਸੋਨੇ ਦੀ ਕੀਮਤੀ ਚੇਨ ਨੂੰ ਕਬੂਤਰ ਵੱਲੋਂ ਲਿਜਾਂਦਾ ਦੇਖ ਕੇ ਦੁਕਾਨਦਾਰ ਬੇਬਸ ਹੋ ਕੇ ਦੇਖਦਾ ਰਿਹਾ। ਰੌਲਾ ਪੈਣ 'ਤੇ ਆਸ-ਪਾਸ ਦੇ ਵਪਾਰੀ ਅਤੇ ਲੋਕ ਇਕੱਠੇ ਹੋ ਗਏ। ਚੈਨ ਲੈ ਕੇ ਉੱਡ ਜਾਣ ਤੋਂ ਬਾਅਦ ਕਬੂਤਰ ਬਾਜ਼ਾਰ ਦੀ ਹੀ ਇੱਕ ਉੱਚੀ ਇਮਾਰਤ ਦੀ ਛੱਤ 'ਤੇ ਜਾ ਬੈਠਾ। ਲੋਕਾਂ ਦੀ ਭੀੜ ਹੇਠਾਂ ਖੜ੍ਹੀ ਹੋ ਕੇ ਕਬੂਤਰ ਦੀ ਹਰ ਹਰਕਤ 'ਤੇ ਨਜ਼ਰ ਰੱਖ ਰਹੀ ਸੀ ਤਾਂ ਜੋ ਇਹ ਪਤਾ ਲੱਗ ਸਕੇ ਕਿ ਉਹ ਚੇਨ ਕਿੱਥੇ ਸੁੱਟਦਾ ਹੈ। ਕਾਫੀ ਦੇਰ ਤੱਕ ਚੱਲੇ ਇਸ ਹਾਈ-ਵੋਲਟੇਜ ਡਰਾਮੇ ਤੋਂ ਬਾਅਦ ਕਬੂਤਰ ਚੇਨ ਨੂੰ ਛੱਤ 'ਤੇ ਛੱਡ ਕੇ ਉੱਡ ਗਿਆ। ਜਵੈਲਰ ਨੇ ਤੁਰੰਤ ਉੱਥੋਂ ਚੇਨ ਬਰਾਮਦ ਕੀਤੀ। ਚੇਨ ਸੁਰੱਖਿਅਤ ਮਿਲਣ ਤੋਂ ਬਾਅਦ ਦੁਕਾਨਦਾਰ ਨੇ ਸੁੱਖ ਦਾ ਸਾਹ ਲਿਆ। ਬਾਜ਼ਾਰ ਦੇ ਵਪਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਜਿਹੀ ਘਟਨਾ ਪਹਿਲੀ ਵਾਰ ਦੇਖੀ ਹੈ।

# ਆਪ੍ਰੇਸ਼ਨ ਸਿੰਦੂਰ ਦੌਰਾਨ ਤਬਾਹ ਹੋਏ ਪਾਕਿਸਤਾਨ ਦੇ ਭੋਲਾਰੀ ਏਅਰਬੇਸ 'ਤੇ ਚੱਲ ਰਿਹੈ ਮੁਰੰਮਤ ਦਾ ਕੰਮ



ਨਵੀਂ ਦਿੱਲੀ, 8 ਫਰਵਰੀ (ਚ.ਨ.ਸ.): ਪਿਛਲੇ ਸਾਲ ਆਪਰੇਸ਼ਨ ਸਿੰਦੂਰ ਦੌਰਾਨ ਭਾਰਤ ਨੇ ਪਾਕਿਸਤਾਨ ਨੂੰ ਡੂੰਘੇ ਜ਼ਖ਼ਮ ਦਿੱਤੇ ਸਨ, ਜਿਨ੍ਹਾਂ ਦੇ ਨਿਸ਼ਾਨ ਅਜੇ ਵੀ ਮੌਜੂਦ ਹਨ। ਅੱਤਵਾਦੀ ਦੇਸ਼ ਅਜੇ ਵੀ ਇਨ੍ਹਾਂ ਜ਼ਖ਼ਮਾਂ 'ਤੇ ਮਲ੍ਹਮ ਲਗਾ ਰਿਹਾ ਹੈ। ਸੈਟੇਲਾਈਟ ਤਸਵੀਰਾਂ ਇਸ ਗੱਲ ਦੀ ਗਵਾਹੀ ਦੇ ਰਹੀਆਂ ਹਨ। ਇਨ੍ਹਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਭੋਲਾਰੀ ਏਅਰਬੇਸ ਤੇ ਮੌਜੂਦ ਹੈਂਗਰ ਨੂੰ ਹੁਣ ਠੀਕ ਕੀਤਾ ਜਾ ਰਿਹਾ ਹੈ। ਇਹ ਉਹੀ ਹੈਂਗਰ ਹੈ, ਜਿਸ ਨੂੰ 10 ਮਈ, 2025 ਨੂੰ ਭਾਰਤੀ ਹਵਾਈ ਸੈਨਾ ਦੇ ਹਮਲੇ ਵਿੱਚ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਸੀ। ਇਹ ਹਮਲਾ ਉਸ ਸਮੇਂ ਹੋਇਆ ਸੀ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ 88 ਘੰਟਿਆਂ ਤੱਕ ਚੱਲਿਆ ਫੌਜੀ ਟਕਰਾਅ ਆਪਣੇ ਸਭ ਤੋਂ ਖ਼ਤਰਨਾਕ ਦੌਰ ਵਿੱਚ ਪਹੁੰਚ ਗਿਆ ਸੀ। ਭਾਰਤੀ ਹਵਾਈ ਸੈਨਾ ਦਾ ਮੰਨਣਾ ਹੈ ਕਿ ਇਸੇ ਹੈਂਗਰ ਵਿੱਚ ਪਾਕਿਸਤਾਨ ਦਾ ਅਹਿਮ ਏਅਰਬੋਰਨ ਅਰਲੀ ਵਾਰਨਿੰਗ ਏਅਰਕ੍ਰਾਫਟ ਮੌਜੂਦ ਸੀ। ਤਾਜ਼ਾ ਤਸਵੀਰਾਂ ਵਿੱਚ ਦਿਖ ਰਿਹਾ ਹੈ ਕਿ ਹੈਂਗਰ ਦੀ ਹਰੀ ਛੱਤ ਵਾਲਾ ਵੱਡਾ ਹਿੱਸਾ ਹਟਾ ਦਿੱਤਾ ਗਿਆ ਹੈ ਅਤੇ ਕੁਝ ਹਿੱਸੇ ਉੱਖੜੇ ਹੋਏ ਦਿਖਾਈ ਦੇ ਰਹੇ ਹਨ।

ਇਹ ਤਿਆਰੀ ਜਾਂ ਮੁੜ-ਨਿਰਮਾਣ ਦੇ ਸ਼ੁਰੂਆਤੀ ਪੜਾਅ ਦਾ ਸੰਕੇਤ ਦਿੰਦਾ ਹੈ ਅਤੇ ਇਹ ਭਾਰਤੀ ਹਵਾਈ ਸੈਨਾ ਦੁਆਰਾ ਹਮਲਾ ਕੀਤੇ ਗਏ ਹੋਰ ਟਿਕਾਣਿਆਂ 'ਤੇ ਪਾਕਿਸਤਾਨੀ ਮੁਰੰਮਤ ਗਤੀਵਿਧੀਆਂ ਦੇ ਅਨੁਕੂਲ ਹੈ। ਪੂਰੀ ਮੁਰੰਮਤ ਵਿੱਚ ਸ਼ਾਇਦ ਨਵੀਂ ਛੱਤ ਲਗਾਉਣਾ, ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਸਾਰਾ ਮਲਬਾ ਹਟਾਉਣਾ ਸ਼ਾਮਲ ਹੋਵੇਗਾ। ਨਵੀਂ ਤਸਵੀਰ ਤੋਂ ਪਤਾ ਲੱਗਦਾ ਹੈ ਕਿ ਢਾਂਚੇ ਨੂੰ ਇੰਝ ਹੀ ਛੱਡ ਦੇਣ ਤੋਂ ਬਾਅਦ ਹੁਣ ਕੁਝ ਪ੍ਰਗਤੀ ਹੋਈ ਹੈ।

ਭੋਲਾਰੀ ਦੇ ਹੈਂਗਰ ਤੇ 10 ਮਈ, 2025 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਦੇ ਵਿਚਕਾਰ ਹਮਲਾ ਕੀਤਾ ਗਿਆ ਸੀ। ਹਾਲਾਂਕਿ ਹਵਾਈ ਸੈਨਾ ਨੇ ਉਸ ਹਥਿਆਰ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਜਿਸ ਦੀ ਵਰਤੋਂ ਭੋਲਾਰੀ ਤੇ ਹਮਲੇ ਲਈ ਕੀਤੀ ਗਈ ਸੀ, ਪਰ ਮੰਨਿਆ ਜਾਂਦਾ ਹੈ ਕਿ ਆਪਰੇਸ਼ਨ ਸਿੰਦੂਰ ਦੌਰਾਨ ਭਾਰਤੀ ਹਵਾਈ ਸੈਨਾ ਨੇ ਕਈ ਤਰ੍ਹਾਂ ਦੇ ਏਅਰ-ਟੂ-ਸਰਫੇਸ ਹਥਿਆਰਾਂ ਦੀ ਵਰਤੋਂ ਕੀਤੀ ਸੀ।

ਇਸ ਤੋਂ ਪਹਿਲਾਂ ਵੀ ਪਾਕਿਸਤਾਨ ਦੇ ਹੋਰ ਫੌਜੀ ਟਿਕਾਣਿਆਂ ਤੇ ਅਜਿਹੇ ਹੀ ਮੁਰੰਮਤ ਦੇ ਕੰਮ ਦੇਖੇ ਜਾ ਚੁੱਕੇ ਹਨ। ਮੁਰਿਦ ਏਅਰਬੇਸ ਵਿੱਚ ਟੁੱਟੀ ਹੋਈ ਇਮਾਰਤ ਦੀ ਛੱਤ ਨੂੰ ਲਾਲ ਤਿਰਪਾਲ ਨਾਲ ਢਕਿਆ ਗਿਆ ਸੀ। ਸੁੱਕੁਰ ਵਿੱਚ ਡਰੋਨ ਹੈਂਗਰ ਨਸ਼ਟ ਹੋ ਗਿਆ ਸੀ। ਨੂਰ ਖਾਨ ਏਅਰਬੇਸ ਤੇ ਕਮਾਂਡ ਅਤੇ ਕੰਟਰੋਲ ਸੈਂਟਰ ਨੂੰ ਨੁਕਸਾਨ ਪਹੁੰਚਿਆ ਸੀ। ਭੋਲਾਰੀ ਦਾ ਇਹ ਹੈਂਗਰ ਵੀ ਉਨ੍ਹਾਂ ਟਿਕਾਣਿਆਂ ਵਿੱਚ ਸ਼ਾਮਲ ਸੀ ਜਿਨ੍ਹਾਂ 'ਤੇ ਭਾਰਤ ਨੇ ਓਪਰੇਸ਼ਨ ਸਿੰਦੂਰ ਦੇ ਤਹਿਤ ਹਮਲਾ ਕੀਤਾ ਸੀ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972
Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

ਸਫ਼ਾ ਇੱਕ ਦੀ ਬਾਕੀ

### ਗਲਵਾਨ ਝੜਪ ਤੋਂ ਹਫ਼ਤੇ ਬਾਅਦ ਚੀਨ ਨੇ ਕੀਤਾ ਸੀ ...

ਪੂਰੀ ਪ੍ਰਕਿਰਿਆ ਅਤੇ ਇਸ ਦੇ ਖ਼ਤਰਿਆਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਤਾਇਨਾਤ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਨੂੰ ਘਟਾਉਣ ਲਈ ਬਣਾਈ ਗਈ ਸਟ੍ਰੈਟੇਜਿਕ ਆਰਮਜ਼ ਰਿਡਕਸ਼ਨ ਟ੍ਰੀਟੀ ਦਾ ਜ਼ਿਕਰ ਕਰਦਿਆਂ ਕਿਹਾ, ਟ੍ਰੀਟੀ ਤੇ 2010 ਵਿੱਚ ਦਸਤਖਤ ਕੀਤੇ ਗਏ ਸਨ ਅਤੇ 2026 ਵਿੱਚ ਵਾਰਹੈੱਡਸ ਅਤੇ ਲਾਂਚਰਾਂ 'ਤੇ ਇਸ ਦੀਆਂ ਸੀਮਾਵਾਂ ਹੁਣ ਪ੍ਰਭਾਵਸ਼ਾਲੀ ਨਹੀਂ ਰਹਿਣਗੀਆਂ। ਇੱਕ ਪ੍ਰਮਾਣੂ ਸ਼ਕਤੀ (ਚੀਨ) ਆਪਣੇ ਹਥਿਆਰਾਂ ਦਾ ਜ਼ਖ਼ੀਰਾ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ੀ ਅਤੇ ਵੱਡੇ ਪੱਧਰ 'ਤੇ ਵਧਾ ਰਹੀ ਹੈ ਅਤੇ ਬਿਨਾਂ ਕਿਸੇ ਰੋਕ-ਟੋਕ ਦੇ ਵੱਡੇ ਪੱਧਰ 'ਤੇ ਨਿਊਕਲੀਅਰ ਸਿਸਟਮ ਬਣਾ ਰਹੀ ਹੈ।

ਅਮਰੀਕੀ ਅਧਿਕਾਰੀ ਨੇ ਅੱਗੇ ਕਿਹਾ, ਅਮਰੀਕਾ ਦੀਆਂ ਲਗਪਗ ਸਾਰੀਆਂ ਤਾਇਨਾਤ ਪ੍ਰਮਾਣੂ ਫੋਰਸਾਂ ਟ੍ਰੀਟੀ ਦੇ ਦਾਇਰੇ ਵਿੱਚ ਸਨ, ਜਦਕਿ ਰੂਸ ਦੇ ਵਿਸ਼ਾਲ ਜ਼ਖ਼ੀਰੇ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਹੀ ਇਸ ਦੇ ਦਾਇਰੇ ਵਿੱਚ ਸੀ। ਚੀਨ ਦਾ ਇੱਕ ਵੀ ਪ੍ਰਮਾਣੂ ਹਥਿਆਰ ਟ੍ਰੀਟੀ ਦੇ ਦਾਇਰੇ ਵਿੱਚ ਨਹੀਂ ਸੀ।

### ਭਾਰਤ-ਮਲੇਸ਼ੀਆ ਵੱਲੋਂ 6 ਵੱਡੇ ਸਮਝੌਤਿਆਂ 'ਤੇ ਮੋਹਰ

ਰਵਾਇਤੀ ਅਤੇ ਉੱਭਰ ਰਹੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਸਾਂਝੀ ਇੱਛਾ ਪ੍ਰਗਟਾਈ। ਇਸ ਯਾਤਰਾ ਦੌਰਾਨ ਕਈ ਦੁਵੱਲੇ ਸਮਝੌਤਿਆਂ ਅਤੇ ਸਹਿਮਤੀ ਪੱਤਰਾਂ ਦਾ ਆਦਾਨ-ਪ੍ਰਦਾਨ ਹੋਇਆ। ਇਨ੍ਹਾਂ ਵਿੱਚ ਸੁਰੱਖਿਆ ਸਹਿਯੋਗ, ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਵਿੱਚ ਭਾਗੀਦਾਰੀ, ਸੈਮੀਕੰਡਕਟਰ ਵਿਕਾਸ, ਸਿਹਤ ਅਤੇ ਦਵਾਈ, ਆਫ਼ਤ ਪ੍ਰਬੰਧਨ ਅਤੇ ਭ੍ਰਿਸ਼ਟਾਚਾਰ ਵਿਰੋਧੀ ਸਹਿਯੋਗ ਸ਼ਾਮਲ ਹਨ। ਇਸ ਤੋਂ ਇਲਾਵਾ ਆਡੀਓ-ਵਿਜ਼ੂਅਲ ਸਹਿ-ਨਿਰਮਾਣ, ਕਿੱਤਾਮੁਖੀ ਸਿੱਖਿਆ, ਅਤੇ ਮਲੇਸ਼ੀਆ ਵਿੱਚ ਕੰਮ ਕਰ ਰਹੇ ਭਾਰਤੀ ਕਾਮਿਆਂ ਲਈ ਸਮਾਜਿਕ ਸੁਰੱਖਿਆ ਨਾਲ ਸਬੰਧਤ ਸਮਝੌਤੇ ਵੀ ਕੀਤੇ ਗਏ। ਇਨ੍ਹਾਂ ਸਮਝੌਤਿਆਂ ਦਾ ਉਦੇਸ਼ ਦੋਵਾਂ ਦੇਸ਼ਾਂ ਵਿਚਾਲੇ ਸੰਸਥਾਗਤ ਅਤੇ ਵਿਹਾਰਕ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਮਲੇਸ਼ੀਆ ਯੂਨੀਵਰਸਿਟੀ ਵਿੱਚ ਇੱਕ ਵਿਸ਼ੇਸ਼ ਤਿਰੂਵੱਲੂਵਰ ਕੇਂਦਰ ਸਥਾਪਤ ਕਰਨ ਅਤੇ ਤਿਰੂਵੱਲੂਵਰ ਸਕਾਲਰਸ਼ਿਪਾਂ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ। ਇਸ ਪਹਿਲਕਦਮੀ ਦਾ ਮਕਸਦ ਪ੍ਰਾਚੀਨ ਤਮਿਲ ਕਵੀ ਅਤੇ ਦਾਰਸ਼ਨਿਕ ਤਿਰੂਵੱਲੂਵਰ ਦੀਆਂ ਸਿੱਖਿਆਵਾਂ ਨੂੰ ਉਤਸ਼ਾਹਿਤ ਕਰਨਾ ਅਤੇ ਭਾਰਤ-ਮਲੇਸ਼ੀਆ ਵਿਚਾਲੇ ਸੱਭਿਆਚਾਰਕ ਤੇ ਜਨਤਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਇਸ ਦੇ ਨਾਲ ਹੀ, ਭਾਰਤ ਨੇ ਮਲੇਸ਼ੀਆ ਵਿੱਚ ਆਪਣਾ ਪਹਿਲਾ ਵਣਜ ਦੂਤਾਵਾਸ ਖੋਲ੍ਹਣ ਦਾ ਫੈਸਲਾ ਵੀ ਕੀਤਾ ਹੈ, ਜਿਸ ਨਾਲ ਰਾਜਦੂਤਕ ਸਬੰਧਾਂ ਨੂੰ ਮਜ਼ਬੂਤੀ ਮਿਲੇਗੀ ਅਤੇ ਭਾਰਤੀ ਨਾਗਰਿਕਾਂ ਨੂੰ ਬਿਹਤਰ ਸੇਵਾਵਾਂ ਮਿਲ ਸਕਣਗੀਆਂ। ਹਸਤਾਖਰ ਕੀਤੇ ਗਏ ਸਮਝੌਤਿਆਂ ਚ ਯੂਨੀਵਰਸਿਟੀ ਆਫ ਸਾਈਬਰਜਯਾ ਅਤੇ ITRA ਜਾਮਨਗਰ ਵਿਚਕਾਰ ਸਹਿਯੋਗ ਨੂੰ ਖਾਸ ਮੰਨਿਆ ਗਿਆ ਹੈ। ਇਹ ਭਾਈਵਾਲੀ ਆਯੁਰਵੇਦ ਅਤੇ ਰਵਾਇਤੀ ਦਵਾਈ ਦੇ ਖੇਤਰ ਵਿੱਚ ਖੋਜ ਅਤੇ ਅਕਾਦਮਿਕ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰੇਗੀ।

ਡਿਜੀਟਲ ਭੁਗਤਾਨ ਦੇ ਖੇਤਰ ਚ NPCI ਇੰਟਰਨੈਸ਼ਨਲ ਅਤੇ ਮਲੇਸ਼ੀਆ ਦੀ PayNet ਵਿਚਕਾਰ ਦੁਵੱਲੀ ਭੁਗਤਾਨ ਪ੍ਰਣਾਲੀ ਵਿਕਸਿਤ ਕਰਨ ਤੇ ਸਹਿਮਤੀ ਬਣੀ ਹੈ, ਜਿਸ ਵਿੱਚ UPI ਨੂੰ ਜੋੜਨ ਦੀ ਯੋਜਨਾ ਹੈ। ਇਸ ਨਾਲ ਸੈਲਾਨੀਆਂ, ਵਿਦਿਆਰਥੀਆਂ ਅਤੇ ਵਪਾਰੀਆਂ ਲਈ ਸਸਤਾ, ਤੇਜ਼ ਅਤੇ ਆਸਾਨ ਭੁਗਤਾਨ ਸੰਭਵ ਹੋ ਸਕੇਗਾ। ਇਕ ਹੋਰ ਅਹਿਮ ਕਦਮ ਵਜੋਂ ਮਲੇਸ਼ੀਆ ਨੇ ਇੰਟਰਨੈਸ਼ਨਲ ਬਿਗ ਕੈਟ ਅਲਾਇੰਸ ਚ ਸ਼ਾਮਲ ਹੋਣ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰ ਲਈਆਂ ਹਨ। ਇਹ ਪਹਿਲ ਵੱਡੀਆਂ ਬਿੱਲੀਆਂ (ਸ਼ੇਰ, ਚੀਤੇ ਆਦਿ) ਦੀ ਸੰਭਾਲ ਅਤੇ ਜੈਵ ਵਿਭਿੰਨਤਾ ਦੀ ਰੱਖਿਆ ਲਈ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ 10ਵੇਂ ਭਾਰਤ-ਮਲੇਸ਼ੀਆ CEO ਫੋਰਮ ਦੀ ਰਿਪੋਰਟ ਵੀ ਦੋਵਾਂ ਪ੍ਰਧਾਨ ਮੰਤਰੀਆਂ ਨੂੰ ਸੌਂਪੀ ਗਈ। ਇਹ ਰਿਪੋਰਟ ਵਪਾਰਕ ਸਹਿਯੋਗ, ਨਿਵੇਸ਼ ਵਧਾਉਣ ਅਤੇ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧਾਂ ਨੂੰ ਹੋਰ ਡੂੰਘਾ ਕਰਨ ਲਈ ਸੁਝਾਅ ਅਤੇ ਦਿਸ਼ਾ ਪ੍ਰਦਾਨ ਕਰੇਗੀ।

### ਮਲੇਸ਼ੀਆ 'ਚ ਪ੍ਰਧਾਨ ਮੰਤਰੀ ਦਾ ਅੱਤਵਾਦ ਖ਼ਿਲਾਫ਼ ਸਖ਼ਤ ਸੰਦੇਸ਼

ਕੀਤੀ ਅਤੇ ਵਪਾਰ, ਨਿਵੇਸ਼ ਤੇ ਰੱਖਿਆ ਦੇ ਖੇਤਰ ਵਿੱਚ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਦੁਹਰਾਈ। ਇਬਰਾਹਿਮ ਨੇ ਕਿਹਾ ਕਿ ਇਹ ਯਾਤਰਾ ਉਨ੍ਹਾਂ ਲਈ ਨਿੱਜੀ ਤੌਰ 'ਤੇ ਬਹੁਤ ਮਹੱਤਵਪੂਰਨ ਹੈ ਅਤੇ ਉਹ ਸਾਰੇ ਖੇਤਰਾਂ ਵਿੱਚ ਭਾਰਤ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਰੱਖਦੇ ਹਨ।

### ਪੰਜਾਬ ਸਰਕਾਰ ਵੱਲੋਂ 2 ਆਈ.ਏ.ਐੱਸ. ਅਧਿਕਾਰੀ ਮੁਅੱਤਲ

ਦੋਵੇਂ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਂਦਾ ਹੈ ਤੇ ਇਸ ਮਗਰੋਂ ਮੁਅੱਤਲ ਕੀਤੇ ਗਏ ਦੋਵੇਂ ਅਧਿਕਾਰੀ ਚੰਡੀਗੜ੍ਹ ਦੇ ਮੁੱਖ ਦਫਤਰ ਵਿਚ ਤਾਇਨਾਤ ਹੋਣਗੇ। ਜ਼ਾਹਿਰ ਹੈ ਕਿ ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਦੇ ਕੰਮ ਨੂੰ ਸੌਖਾ ਕਰਨ ਲਈ ਸਮਾਰਟਫੋਨ ਦਿੱਤੇ ਜਾ ਰਹੇ ਹਨ ਤੇ ਇਨ੍ਹਾਂ ਸਮਾਰਟਫੋਨ ਨੂੰ ਖਰੀਦਣ ਵਿਚ ਜਦੋਂ ਦੇਰੀ ਹੁੰਦੀ ਹੈ ਤਾਂ ਇਸੇ ਦੇ ਚੱਲਦਿਆਂ ਇਹ ਕਾਰਵਾਈ ਕੀਤੀ ਗਈ ਹੈ ਕਿਉਂਕਿ ਪਹਿਲਾਂ ਆਂਗਨਵਾੜੀ ਵਰਕਰ ਆਪਣਾ ਪੂਰਾ ਲੇਖਾ-ਜੋਖਾ ਰਜਿਸਟਰਾਂ 'ਤੇ ਦਰਜ ਕਰਦੇ ਸੀ ਪਰ ਉਨ੍ਹਾਂ ਦੇ ਕੰਮ ਨੂੰ ਆਸਾਨ ਕਰਨ ਲਈ ਆਂਗਨਵਾੜੀ ਵਰਕਰਾਂ ਨੂੰ ਸਮਾਰਟਫੋਨ ਦਿੱਤੇ ਜਾਣੇ ਸਨ। ਜਦੋਂ ਇਨ੍ਹਾਂ ਸਮਾਰਟਫੋਨ ਖਰੀਦਣ ਵਿਚ ਦੇਰੀ ਹੁੰਦੀ ਹੈ ਤਾਂ ਇਸੇ ਅਧੀਨ ਐਕਸ਼ਨ ਲੈਂਦਿਆਂ ਪੰਜਾਬ ਸਰਕਾਰ ਵੱਲੋਂ 2 ਆਈ.ਏ.ਐੱਸ. ਅਧਿਕਾਰੀਆਂ ਨੂੰ ਸਸਪੈਂਡ ਕੀਤਾ ਗਿਆ ਹੈ।

### 19 ਤੋਂ 25 ਸਾਲ 'ਚ ਵਿਆਹ, ਤਿੰਨ ਬੱਚੇ ਜਰੂਰੀ: ਮੋਹਨ ਭਾਗਵਤ

ਸੈਸ਼ਨ ਵਿੱਚ ਬੋਲ ਰਹੇ ਸਨ।

ਦੇਸ਼ ਦੀ ਆਬਾਦੀ ਬਾਰੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ, ਭਾਗਵਤ ਨੇ ਕਿਹਾ ਕਿ 19 ਤੋਂ 25 ਸਾਲ ਦੀ ਉਮਰ ਦੇ ਵਿਚਕਾਰ ਵਿਆਹ ਅਤੇ ਤਿੰਨ ਬੱਚੇ ਪੈਦਾ ਕਰਨਾ ਮਾਪਿਆਂ ਅਤੇ ਪਰਿਵਾਰ ਦੋਵਾਂ ਦੀ ਸਿਹਤ ਨੂੰ ਯਕੀਨੀ ਬਣਾਉਣ ਦਾ ਇੱਕ ਵਧੀਆ ਤਰੀਕਾ ਹੈ। ਤਿੰਨ ਭੈਣ-ਭਰਾ ਹੋਣ ਨਾਲ ਬੱਚਿਆਂ ਵਿੱਚ ਈਗੋ ਮੈਨੇਜਮੈਂਟ ਚੰਗਾ ਹੁੰਦਾ ਹੈ ਅਤੇ ਇਹ ਵੀ ਪੱਕਾ ਹੁੰਦ ਹੈ ਕਿ ਭਵਿੱਖ ਵਿਚ ਪਰਿਵਾਰ ਵਿਚ ਕੋਈ ਵੰਡ ਨਾ ਹੋਵੇ।

### ਗੌਰਵ ਗੋਗੋਈ, ਬ੍ਰਿਟਿਸ਼ ਪਤਨੀ ਦਾ ਪਾਕਿ ਏਜੰਟ ...

ਰੈਗੂਲੇਸ਼ਨ ਐਕਟ (ਐਫ.ਸੀ.ਆਰ.ਏ.) ਦੀ ਉਲੰਘਣਾ ਕੀਤੀ ਗਈ ਸੀ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਗੋਗੋਈ ਉਤੇ ਅਧਿਕਾਰੀਆਂ ਨੂੰ ਸੂਚਿਤ ਕੀਤੇ ਬਗੈਰ 2013 'ਚ 'ਬੇਹੱਦ ਗੁਪਤ ਢੰਗ ਨਾਲ' ਪਾਕਿਸਤਾਨ ਜਾਣ ਦਾ ਦੋਸ਼ ਲਗਾਇਆ ਅਤੇ ਸ਼ੱਕ ਪ੍ਰਗਟਾਇਆ ਕਿ ਉਨ੍ਹਾਂ ਨੇ ਉਥੇ 'ਕਿਸੇ ਤਰ੍ਹਾਂ ਦੀ ਸਿਖਲਾਈ' ਪ੍ਰਾਪਤ ਕੀਤੀ ਸੀ। ਸ਼ਰਮਾ ਨੇ ਕਿਹਾ, "ਸਾਡਾ ਮੰਨਣਾ ਹੈ ਕਿ ਐਲਿਜ਼ਾਬੈੱਥ ਅਤੇ ਅਲੀ ਤੌਕੀਰ ਸ਼ੇਖ ਇਕ ਕੌਮਾਂਤਰੀ ਸਾਜ਼ਸ਼ ਦਾ ਹਿੱਸਾ ਸਨ।" ਉਨ੍ਹਾਂ ਕਿਹਾ ਕਿ ਸਬੰਧਤ ਲੋਕਾਂ ਨੇ ਭਾਰਤ ਸਰਕਾਰ ਨੂੰ ਦਰਕਿਨਾਰ ਕਰਦਿਆਂ ਸਥਾਨਕ ਸੰਸਥਾ ਏਜੰਸੀਆਂ ਨਾਲ ਕੰਮ ਕੀਤਾ ਅਤੇ ਇਸ ਦੀ ਜਾਂਚ ਅਸਮ ਪੁਲਿਸ ਨਹੀਂ ਕਰ ਸਕਦੀ। ਉਨ੍ਹਾਂ ਕਿਹਾ, "ਇਸ ਲਈ ਅਸੀਂ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕੌਮੀ ਜਾਂਚ ਕਰਵਾਏ ਜਾਣ ਦੀ ਸਿਫ਼ਾਰਸ਼ ਕੀਤੀ ਹੈ।"

ਇਸ ਦੌਰਾਨ, ਸੂਬਾ ਕਾਂਗਰਸ ਮੁਖੀ ਗੋਗੋਈ ਨੇ ਸ਼ਰਮਾ ਦੀ ਪ੍ਰੈੱਸ ਕਾਨਫ਼ਰੰਸ ਨੂੰ 'ਸੀ-ਗ੍ਰੇਡ ਦੇ ਸਿਨੇਮਾ ਤੋਂ ਵੀ ਬਦਤਰ' ਅਤੇ 'ਸੁਪਰ ਫ਼ਲਾਪ' ਕਰਾਰ ਦਿੱਤਾ। ਪ੍ਰੈੱਸ ਕਾਨਫ਼ਰੰਸ ਦੌਰਾਨ 'ਐਕਸ' 'ਤੇ ਇਕ ਪੋਸਟ 'ਚ ਗੋਗੋਈ ਨੇ ਕਿਹਾ, "ਮੈਨੂੰ ਦਿੱਲੀ ਅਤੇ ਅਸਮ ਦੇ ਉਨ੍ਹਾਂ ਪੱਤਰਕਾਰਾਂ ਉਤੇ ਤਰਸ ਆਉਂਦਾ ਹੈ ਜਿਨ੍ਹਾਂ ਨੂੰ ਸਦੀ ਦੀ ਸਭ ਤੋਂ 'ਫ਼ਲਾਪ ਪ੍ਰੈੱਸ ਕਾਨਫ਼ਰੰਸ ਸੰਮੇਲਨ' ਝਲਣੀ ਪਈ। ਇਹ ਇਕ ਸੀ-ਗ੍ਰੇਡ ਸਿਨੇਮਾ ਤੋਂ ਵੀ ਬਦਤਰ ਸੀ। ਇਹ 'ਸੁਪਰਫ਼ਲਾਪ' ਸਾਡੀ ਸਮਾਂ ਪਰਿਵਰਤਨ ਯਾਤਰਾ ਤੋਂ ਬਿਲਕੁਲ ਉਲਟ ਹੈ ਜੋ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਵਲੋਂ ਕਬਜ਼ਾ ਕੀਤੀ ਗਈ 12 ਹਜ਼ਾਰ ਵਿੱਘੇ ਜ਼ਮੀਨ ਨੂੰ ਉਜਾਗਰ ਕਰਨ 'ਚ ਸਫ਼ਲ ਰਹੀ ਹੈ।"

ਉਧਰ ਮੁੱਖ ਮੰਤਰੀ ਸ਼ਰਮਾ ਨੇ ਇਹ ਵੀ ਕਿਹਾ ਕਿ ਗੋਗੋਈ ਦੇ ਪੁੱਤਰ ਨੇ ਬ੍ਰਿਟਿਸ਼ ਨਾਗਰਿਕਤਾ ਮਿਲਣ ਮਗਰੋਂ ਅਪਣਾ ਭਾਰਤੀ ਪਾਸਪੋਰਟ ਸੌਂਪ ਦਿਤਾ ਸੀ। ਉਨ੍ਹਾਂ ਕਿਹਾ, "ਗੌਰਵ ਦਾ ਬੇਟਾ ਭਾਰਤੀ ਪਾਸਪੋਰਟ 'ਚ ਧਰਮ ਦੇ ਰੂਪ 'ਚ ਹਿੰਦੂ ਲਿਖਦਾ ਸੀ, ਪਰ ਨਾਗਰਿਕਤਾ ਬਦਲਣ ਤੋਂ ਬਾਅਦ ਉਸ ਨੇ ਅਜਿਹਾ ਕਰਨਾ ਬੰਦ ਕਰ ਦਿਤਾ। ਉਨ੍ਹਾਂ ਦੀ ਬੇਟੀ ਨੇ ਬ੍ਰਿਟਿਸ਼ ਪਾਸਪੋਰਟ 'ਚ ਇਸਾਈ ਲਿਖਿਆ ਹੈ। ਪਾਸਪੋਰਟ 'ਚ ਗੌਰਵ ਦਾ ਧਰਮ ਹਿੰਦੂ ਹੈ। ਇਸ ਲਈ, ਉਹ ਅਪਣੇ ਘਰ 'ਚ ਹਮੇਸ਼ਾ ਘੱਟਗਿਣਤੀ ਰਹਿਣਗੇ।"

### ਗੁ. ਅੰਬ ਸਾਹਿਬ ਜ਼ਮੀਨ ਵਿਵਾਦ ਮਾਮਲੇ 'ਚ ...

ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਨੂੰ ਲੈ ਕੇ ਪਿਛਲੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇਲਜ਼ਾਮ ਲਗਾਏ ਜਾ ਰਹੇ ਸਨ ਕਿ ਬੇਸ਼ਕੀਮਤੀ ਜ਼ਮੀਨ ਦੇ ਮਾਮਲੇ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਇਸ ਸਬੰਧੀ ਵੱਖ-ਵੱਖ ਧਿਰਾਂ ਵੱਲੋਂ ਜਾਂਚ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਤੋਂ ਬਾਅਦ ਹੁਣ ਪੁਲਿਸ ਨੇ ਅਧਿਕਾਰਤ ਤੌਰ ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵੱਲੋਂ ਮਾਮਲਾ ਦਰਜ ਕਰਨ ਤੋਂ ਬਾਅਦ ਹੁਣ ਨਾਮਜ਼ਦ ਵਿਅਕਤੀਆਂ ਦੀ ਪੁੱਛਗਿੱਛ ਅਤੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ।

### ਬਸਪਾ ਸੰਗਠਨ 'ਚ ਵੱਡਾ ਫੇਰਬਦਲ ਮਾਇਆਵਤੀ ਵੱਲੋਂ ...

ਇੰਚਾਰਜਾਂ ਦੇ ਸਾਰੇ ਅਹੁਦਿਆਂ ਨੂੰ ਖ਼ਤਮ ਕਰਦਿਆਂ ਵਿਧਾਨ ਸਭਾ ਪ੍ਰਧਾਨਾਂ, ਜਨਰਲ ਸਕੱਤਰਾਂ ਅਤੇ ਇੰਚਾਰਜਾਂ ਨੂੰ ਹਰੇਕ ਵਿਧਾਨ ਸਭਾ ਦੇ ਸਾਰੇ ਸੈਕਟਰਾਂ (35 ਤੋਂ 40 ਸੈਕਟਰ) ਨੂੰ ਦੋ ਹਿੱਸਿਆਂ ਵਿੱਚ ਵੰਡਦੇ ਹੋਏ ਰੋਜ਼ਾਨਾ ਘੱਟੋ-ਘੱਟ ਚਾਰ ਬੂਥ ਗਠਿਤ ਕਰਨ ਲਈ ਕਿਹਾ ਹੈ। ਕਿਉਂਕਿ ਪਾਰਟੀ ਦੇ ਇੱਕ ਸੈਕਟਰ ਵਿੱਚ 10 ਬੂਥ ਹੁੰਦੇ ਹਨ, ਇਸ ਲਈ ਨਵੇਂ ਸਿਰੇ ਤੋਂ ਬੂਥ ਅਤੇ ਸੈਕਟਰ ਬਣਾਉਣ ਵਿੱਚ ਲਗਪਗ ਤਿੰਨ ਮਹੀਨੇ ਲੱਗਣ ਦਾ ਅਨੁਮਾਨ ਹੈ। ਜ਼ਿਲ੍ਹਾ ਪ੍ਰਧਾਨਾਂ ਅਤੇ ਮੰਡਲ ਇੰਚਾਰਜਾਂ ਨੂੰ ਬੂਥ ਅਤੇ ਸੈਕਟਰ ਗਠਨ ਤੇ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਬਸਪਾ ਮੁਖੀ ਨੇ ਅਹੁਦੇਦਾਰਾਂ ਨੂੰ ਨਿਰਦੇਸ਼ ਦਿੱਤੇ ਕਿ 15 ਮਾਰਚ ਨੂੰ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਦੀ ਜਯੰਤੀ ਲਖਨਊ ਅਤੇ ਨੋਇਡਾ ਵਿੱਚ ਧੂਮਧਾਮ ਨਾਲ ਮਨਾਈ ਜਾਵੇ। ਇਸੇ ਤਰ੍ਹਾਂ 14 ਅਪ੍ਰੈਲ ਨੂੰ ਡਾ. ਭੀਮ ਰਾਓ ਅੰਬੇਡਕਰ ਦੀ ਜਯੰਤੀ ਮਨਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ 12 ਮੰਡਲਾਂ ਦੇ ਅਹੁਦੇਦਾਰ ਅਤੇ ਵਰਕਰ ਲਖਨਊ ਵਿੱਚ, ਜਦਕਿ ਪੱਛਮੀ ਉੱਤਰ ਪ੍ਰਦੇਸ਼ ਦੇ ਛੇ ਮੰਡਲਾਂ ਦੇ ਅਹੁਦੇਦਾਰ ਨੋਇਡਾ ਸਮਾਰਕ 'ਤੇ ਪਹੁੰਚਣ। ਐੱਸ.ਆਈ.ਆਰ. ਅਤੇ ਬੂਥ-ਸੈਕਟਰ ਦੇ ਗਠਨ ਦਾ ਕੰਮ ਪੂਰਾ ਹੋਣ ਤੋਂ ਬਾਅਦ, ਬਸਪਾ ਦੇ ਰਾਸ਼ਟਰੀ ਸੰਜੋਜਕ ਅਤੇ ਮਾਇਆਵਤੀ ਦੇ ਭਤੀਜੇ ਆਕਾਸ਼ ਆਨੰਦ, ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਸਤੀਸ਼ ਚੰਦਰ ਮਿਸ਼ਰਾ, ਸੂਬਾ ਪ੍ਰਧਾਨ ਵਿਸ਼ਵਨਾਥ ਪਾਲ, ਵਿਧਾਇਕ ਉਮਾ ਸ਼ੰਕਰ ਸਿੰਘ ਅਤੇ ਮੰਡਲ ਪੱਧਰੀ ਮੁਸਲਿਮ ਭਾਈਚਾਰਾ ਦੇ ਇੰਚਾਰਜ ਜ਼ਿਲ੍ਹਿਆਂ ਵਿੱਚ ਜਾਣਗੇ। ਮੀਟਿੰਗ ਵਿੱਚ ਮਾਇਆਵਤੀ ਨੇ ਕਿਹਾ ਕਿ ਅਗਲੇ ਸਾਲ ਪਾਰਟੀ ਦੀ ਸਰਕਾਰ ਬਣਾਉਣ ਲਈ ਸਾਰੇ ਜ਼ਿਲ੍ਹਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ ਦੋ ਦਹਾਕੇ ਪਹਿਲਾਂ 2007 ਵਿੱਚ ਬਸਪਾ ਨੇ ਆਪਣੇ ਦਮ ਤੇ ਬਹੁਮਤ ਦੀ ਸਰਕਾਰ ਬਣਾਈ ਸੀ। ਹਾਲਾਂਕਿ, ਉਸ ਤੋਂ ਬਾਅਦ ਲਗਾਤਾਰ ਖਿਸਕਦੇ ਜਨਾਧਾਰ ਕਾਰਨ ਮੌਜੂਦਾ ਸਮੇਂ ਵਿੱਚ ਪਾਰਟੀ ਦਾ ਸਿਰਫ ਇੱਕ ਵਿਧਾਇਕ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦਾ ਖਾਤਾ ਤੱਕ ਨਹੀਂ ਸੀ ਖੁੱਲ੍ਹ ਸਕਿਆ।

### ਉਡਦੇ-ਉਡਦੇ ਖੇਤਾਂ 'ਚ ਆ ਡਿੱਗਾ ਜਹਾਜ਼

ਮੁੱਢਲੀ ਜਾਂਚ ਵਿੱਚ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਈਂਧਨ (ਤੇਲ) ਦੀ ਕਮੀ ਕਾਰਨ ਇਹ ਹਾਦਸਾ ਵਾਪਰਿਆ ਹੋ ਸਕਦਾ ਹੈ। ਹਾਲਾਂਕਿ, ਅਜੇ ਤੱਕ ਪੁਲਸ ਜਾਂ ਰੇਡ ਬਰਡ ਐਵੀਏਸ਼ਨ ਵੱਲੋਂ ਇਸ ਬਾਰੇ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸਾਗ੍ਰਸਤ ਹੋਇਆ ਜਹਾਜ਼ ਸੈਸਨਾ 172 ਮਾਡਲ ਦਾ ਸੀ, ਜਿਸ ਦੀ ਵਰਤੋਂ ਆਮ ਤੌਰ ਤੇ ਫਲਾਈਟ ਟ੍ਰੇਨਿੰਗ ਲਈ ਕੀਤੀ ਜਾਂਦੀ ਹੈ। ਰੇਡ ਬਰਡ ਐਵੀਏਸ਼ਨ ਭਾਰਤ ਵਿੱਚ ਪਾਇਲਟਾਂ ਨੂੰ ਸਿਖਲਾਈ ਦੇਣ ਵਾਲੀ ਇੱਕ ਪ੍ਰਮੁੱਖ ਅਕੈਡਮੀ ਹੈ, ਜਿਸ ਦੇ ਬੇਸ ਬਾਰਾਮਤੀ, ਬੇਲਗਾਵੀ ਅਤੇ ਸਿਓਨੀ ਵਿੱਚ ਸਥਿਤ ਹਨ।ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

### ਪੰਜਾਬ ਦੇ ਮੌਸਮ 'ਚ ਬਦਲਾਅ ,13 ਫਰਵਰੀ ਤੱਕ ਦਿਨੇ ...

ਦਾ ਮੌਸਮ ਵਿਭਾਗ ਨੇ ਹੁਣ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ। ਹਾਲਾਂਕਿ ਦਿਨ ਦੌਰਾਨ ਤੇਜ਼ ਹਵਾਵਾਂ ਚੱਲਦੀਆਂ ਰਹਿਣਗੀਆਂ। ਧੁੱਪ ਹੋਣ ਦੇ ਬਾਵਜੂਦ ਠੰਢ ਦਾ ਅਹਿਸਾਸ ਬਣਿਆ ਰਹੇਗਾ। ਮੌਸਮ ਵਿਭਾਗ ਦੇ ਡਾਇਰੈਕਟਰ ਨੇ ਦੱਸਿਆ ਕਿ ਹਫ਼ਤੇ ਤੱਕ ਮੌਸਮ ਸੁੱਕਾ ਰਹਿਣ ਦੀ ਸੰਭਾਵਨਾ ਹੈ। ਅਗਲੇ 2 ਦਿਨਾਂ ਤੱਕ ਘੱਟ ਤੋਂ ਘੱਟ ਤਾਪਮਾਨ ਚ ਕੋਈ ਖ਼ਾਸ ਬਦਲਾਅ ਨਹੀਂ ਹੋਵੇਗਾ, ਇਸ ਦੇ ਬਾਅਦ ਤਾਪਮਾਨ 2 ਤੋਂ 4 ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ। ਇਸ ਦੇ ਨਾਲ ਹੀ ਅਗਲੇ 2 ਦਿਨਾਂ ਤੱਕ ਕੁਝ ਇਲਾਕਿਆਂ ਚ ਤੇਜ਼ ਹਵਾਵਾਂ ਵੱਗਣ ਦੀ ਸੰਭਾਵਨਾ ਹੈ। ਇਥੇ ਇਹ ਵੀ ਦੱਸ ਦੇਈਏ ਕਿ ਪੰਜਾਬ ਦੇ 15 ਜ਼ਿਲ੍ਹੇ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ, ਰੂਪਨਗਰ, ਮੋਹਾਲੀ ਅਤੇ ਪਟਿਆਲਾ ਚ ਤੇਜ਼ ਹਵਾਵਾਂ ਚੱਲ ਰਹੀਆਂ ਹਨ। ਅਗਲੇ ਦੋ ਦਿਨ ਵੀ ਇਸ ਤਰ੍ਹਾਂ ਦੀਆਂ ਹਵਾਵਾਂ ਚੱਲਦੀਆਂ ਰਹਿਣਗੀਆਂ। ਜੇਕਰ ਗੱਲ ਕੀਤੀ ਜਾਵੇ ਪੰਜਾਬ ਦੇ ਤਾਪਮਾਨ ਦੀ ਪਿਛਲੇ 24 ਘੰਟਿਆਂ ਵਿਚ ਪੰਜਾਬ ਦੇ ਤਾਪਮਾਨ ਚ 0.3 ਡਿਗਰੀ ਵਾਧਾ ਦਰਜ ਕੀਤਾ ਗਿਆ ਹੈ। ਸਾਰੇ ਜ਼ਿਲ੍ਹਿਆਂ ਦਾ ਵੱਧ ਤੋਂ ਵੱਧ ਤਾਪਮਾਨ 21.8 ਡਿਗਰੀ ਤੋਂ 25.6 ਡਿਗਰੀ ਤੱਕ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਘੱਟ ਤੋਂ ਘੱਟ ਤਾਪਮਾਨ ਵੀ 6.8 ਡਿਗਰੀ ਤੋਂ 11.2 ਡਿਗਰੀ ਤੱਕ ਪਹੁੰਚ ਗਿਆ ਹੈ ਜੋਕਿ ਆਮ ਤਾਪਮਾਨ ਤੋਂ ਥੋੜ੍ਹਾ ਉੱਚਾ ਹੈ। ਸਭ ਤੋਂ ਵੱਧ ਤਾਪਮਾਨ 25.6 ਡਿਗਰੀ ਫਰੀਦਕੋਟ ਵਿੱਚ ਦਰਜ ਕੀਤਾ ਗਿਆ ਹੈ, ਜਦਕਿ ਘੱਟ ਤੋਂ ਘੱਟ ਤਾਪਮਾਨ 6.8 ਡਿਗਰੀ ਹੁਸ਼ਿਆਰਪੁਰ ਵਿੱਚ ਦਰਜ ਕੀਤਾ ਗਿਆ।

### ਫ਼ਰੀਦਕੋਟ ਤੇ ਹੁਸ਼ਿਆਰਪੁਰ 5 ਡਿਗਰੀ ਨਾਲ ...

ਰਿਹਾ। ਗੁਰਦਾਸਪੁਰ ਵਿੱਚ ਪਾਰਾ 7 ਡਿਗਰੀ ਤੇ ਰਿਹਾ, ਜਦੋਂਕਿ ਲੁਧਿਆਣਾ ਅਤੇ ਪਟਿਆਲਾ ਵਿੱਚ 9.4 ਅਤੇ 9.3 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਵੀ ਠੰਢ ਨੇ ਤੇਵਰ ਦਿਖਾਏ, ਜਿੱਥੇ ਘੱਟੋ-ਘੱਟ ਤਾਪਮਾਨ 8 ਡਿਗਰੀ ਸੈਲਸੀਅਸ ਰਿਹਾ। ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਅਜਿਹੀ ਹੀ ਸਥਿਤੀ ਰਹੀ; ਕਰਨਾਲ ਵਿੱਚ ਪਾਰਾ 7.2 ਡਿਗਰੀ, ਗੁਰੂਗ੍ਰਾਮ ਵਿੱਚ 8.1 ਡਿਗਰੀ, ਹਿਸਾਰ ਵਿੱਚ 8.3 ਡਿਗਰੀ ਅਤੇ ਨਾਰਨੌਲ ਵਿੱਚ 8.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਬਾਲਾ ਵਿੱਚ ਤਾਪਮਾਨ 9.2 ਡਿਗਰੀ ਰਿਹਾ। ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਆਉਣ ਵਾਲੇ ਕੁਝ ਦਿਨਾਂ ਤੱਕ ਸੀਤ ਲਹਿਰ ਤੋਂ ਰਾਹਤ ਮਿਲਣ ਦੀ ਸੰਭਾਵਨਾ ਘੱਟ ਹੈ।

### ਪੰਜਾਬ ਦੇ ਸ਼ਾਹੀ ਇਮਾਮ 'ਤੇ ਇੱਟਾਂ ...

ਰੋਡ ਦੇ ਰਹਿਣ ਵਾਲੇ ਉਬੈਦ ਉਰ ਰਹਿਮਾਨ, ਉਸ ਦੇ ਪੁੱਤਰਾਂ ਅਤੀਕ ਉਰ ਰਹਿਮਾਨ ਅਤੇ ਮੁਹੰਮਦ ਅਹਿਮਦ ਵਿਰੁੱਧ ਕੇਸ ਦਰਜ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਮਸਜਿਦ ਦੇ ਅੰਦਰ ਇੱਕ ਦੁਕਾਨਦਾਰ ਨਾਲ ਚੱਲ ਰਹੇ ਵਿਵਾਦ ਦਾ ਨਤੀਜਾ ਸੀ। ਦੁਕਾਨਦਾਰ ਨੇ ਦਾਅਵਾ ਕੀਤਾ ਕਿ ਉਹ ਦੁਕਾਨ ਦਾ ਮਾਲਕ ਹੈ, ਪਰ ਮਸਜਿਦ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਦੁਕਾਨ ਉਨ੍ਹਾਂ ਦੀ ਹੈ ਅਤੇ ਇਸ ਸਬੰਧੀ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਸੀ।

ਜਾਣਕਾਰੀ ਅਨੁਸਾਰ 1 ਫਰਵਰੀ ਨੂੰ ਜਦੋਂ ਸ਼ਾਹੀ ਇਮਾਮ ਜਾਮਾ ਮਸਜਿਦ ਦੇ ਮੈਨੇਜਰ ਅਤੇ ਇੱਕ ਹੋਰ ਵਿਅਕਤੀ ਮਸਜਿਦ ਵਿੱਚ ਨਵੀਨੀਕਰਨ ਦੀ ਦੇਖ-ਰੇਖ ਕਰ ਰਹੇ ਸਨ ਤਾਂ ਕਥਿਤ ਵਿਅਕਤੀਆਂ ਨੇ ਮਸਜਿਦ ਦੇ ਬਾਹਰ ਸ਼ਾਹੀ ਇਮਾਮ ਅਤੇ ਹੋਰਾਂ 'ਤੇ ਹਮਲਾ ਕਰ ਦਿੱਤਾ। ਬਾਅਦ ਵਿੱਚ ਪੁਲੀਸ ਨੂੰ ਬੁਲਾਇਆ ਗਿਆ ਤੇ ਹਾਲਾਤਾਂ 'ਤੇ ਕਾਬੂ ਪਾਇਆ ਗਿਆ।

### ਨਵਾਂ ਇਨਕਮ ਟੈਕਸ ਐਕਟ: ਆਮ ਲੋਕਾਂ ਅਤੇ ਮਾਹਿਰਾਂ ਤੋਂ ...

ਮਹੱਤਵਪੂਰਨ ਗੱਲ ਇਹ ਹੈ ਕਿ ਜਿੱਥੇ 1962 ਦੇ ਮੌਜੂਦਾ ਨਿਯਮਾਂ ਵਿੱਚ 511 ਨਿਯਮ ਅਤੇ 399 ਫਾਰਮ ਸਨ, ਉੱਥੇ ਹੀ ਨਵੇਂ ਡਰਾਫਟ ਵਿੱਚ ਇਹਨਾਂ ਨੂੰ ਘਟਾ ਕੇ 333 ਨਿਯਮ ਅਤੇ 190 ਫਾਰਮ ਕਰ ਦਿੱਤਾ ਗਿਆ ਹੈ। ਸੁਝਾਅ ਦੇਣ ਲਈ ਈ-ਫਾਈਲਿੰਗ ਪੋਰਟਲ 'ਤੇ ਇਕ ਵਿਸ਼ੇਸ਼ ਲਿੰਕ ਜਾਰੀ ਕੀਤਾ ਗਿਆ ਹੈ, ਜੋ 4 ਫਰਵਰੀ, 2026 ਤੋਂ ਸਰਗਰਮ ਹੈ। ਕੋਈ ਵੀ ਵਿਅਕਤੀ ਆਪਣਾ ਨਾਮ ਅਤੇ ਮੋਬਾਈਲ ਨੰਬਰ ਦਰਜ ਕਰਕੇ ਓ.ਟੀ.ਪੀ. ਰਾਹੀਂ ਆਪਣੀ ਰਾਏ ਦਰਜ ਕਰਵਾ ਸਕਦਾ ਹੈ।

### ਕੇਂਦਰ ਸਰਕਾਰ ਨੇ ਝੋਨੇ ਦੇ ਉਤਪਾਦਨ ਨੂੰ ਦਸਿਆ ਦੇਸ਼ 'ਤੇ 'ਬੋਝ'

ਖੋਲ੍ਹਣ ਵਾਲੇ ਵਪਾਰਕ ਸਮਝੌਤਿਆਂ ਨਾਲ ਜੁੜਿਆ ਹੋ ਸਕਦਾ ਹੈ। ਕੇਂਦਰ ਨੇ ਅਪਣੇ ਚਿੱਠੀ ਵਿਚ ਕਿਹਾ ਹੈ ਕਿ ਸੂਬਿਆਂ ਨੂੰ ਝੋਨੇ ਦੀ ਬਜਾਏ ਦਾਲਾਂ, ਤੇਲ ਵਾਲੇ ਬੀਜਾਂ ਅਤੇ ਮੋਟੇ ਅਨਾਜ ਦੀ ਉਤਪਾਦਨ ਵਧਾਉਣ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ, ਤਾਂ ਜੋ ਪੋਸ਼ਣ ਸੁਰੱਖਿਆ ਅਤੇ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਪਰ ਕੇਰਲ ਦੇ ਖੇਤੀਬਾੜੀ ਮੰਤਰੀ ਪੀ. ਪ੍ਰਸਾਦ ਨੇ ਕੇਂਦਰ ਦੀ ਸਿਫ਼ਾਰਸ਼ ਨੂੰ ਸਖ਼ਤੀ ਨਾਲ ਰੱਦ ਕਰਦਿਆਂ ਕਿਹਾ: ਕੇਰਲਾ ਵਿਚ ਝੋਨੇ ਦੀ ਖੇਤੀ ਉਤੇ ਕੋਈ ਸਮਝੌਤਾ ਨਹੀਂ ਹੋਵੇਗਾ। ਕਿਸਾਨਾਂ ਦੀ ਮਿਹਨਤ ਦਾ ਸਨਮਾਨ ਕਰਨਾ ਸਾਡੀ ਜ਼ਿੰਮੇਵਾਰੀ ਹੈ।" ਇਸ ਤਰ੍ਹਾਂ, ਕੇਰਲਾ ਸਰਕਾਰ ਨੇ ਸਪੱਸ਼ਟ ਕਰ ਦਿਤਾ ਹੈ ਕਿ ਉਹ ਕਿਸਾਨਾਂ ਦੇ ਹੱਕਾਂ ਅਤੇ ਖੁਰਾਕੀ ਸੁਰੱਖਿਆ ਉਤੇ ਕੋਈ ਪਿੱਛੇ ਹਟਣ ਵਾਲਾ ਕਦਮ ਨਹੀਂ ਚੁੱਕੇਗੀ।

### ਅਦਾਲਤਾਂ 'ਚ ਕੇਂਦਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ...

ਕੀਤੀ ਜਾਣ ਵਾਲੀ ਫੀਸ ਨੂੰ ਆਖਰੀ ਵਾਰ ਅਕਤੂਬਰ, 2015 ਵਿਚ ਸੋਧਿਆ ਗਿਆ ਸੀ। ਹੋਰ ਸ਼੍ਰੇਣੀਆਂ ਦੇ ਕੇਸਾਂ ਲਈ ਫੀਸਾਂ ਅਤੇ ਵੱਖ-ਵੱਖ ਕੇਂਦਰੀ ਮੰਤਰਾਲਿਆਂ ਨਾਲ ਕਾਨਫਰੰਸਾਂ ਸਥਾਪਤ ਕਰਨ ਵਿਚ ਵੀ ਸੋਧ ਕੀਤੀ ਗਈ ਹੈ। ਦਿੱਲੀ ਜਾਂ ਸੂਬਿਆਂ ਦੀਆਂ ਰਾਜਧਾਨੀਆਂ ਤੋਂ ਬਾਹਰ ਅਦਾਲਤਾਂ 'ਚ ਪੇਸ਼ ਹੋਣ ਵਾਲੇ ਵਕੀਲਾਂ ਨੂੰ ਅਦਾ ਕੀਤੀ ਜਾਣ ਵਾਲੀ ਫੀਸ 'ਚ ਵੀ ਵਾਧਾ ਕੀਤਾ ਗਿਆ ਹੈ। ਇਕ ਉੱਚ ਅਧਿਕਾਰੀ ਨੇ ਕਿਹਾ ਕਿ ਮਹਿੰਗਾਈ ਅਤੇ ਪੇਸ਼ੇਵਰਾਂ ਨੂੰ ਕਿਰਾਏ ਉਤੇ ਲੈਣ ਦੇ ਵੱਧ ਰਹੇ ਖਰਚਿਆਂ ਨੂੰ ਧਿਆਨ ਵਿਚ ਰਖਦੇ ਹੋਏ ਇਹ ਵਾਧਾ ਲੰਮੇ ਸਮੇਂ ਤੋਂ ਬਕਾਇਆ ਸੀ। ਉਨ੍ਹਾਂ ਕਿਹਾ,"ਕੇਂਦਰ ਸਰਕਾਰ ਦੇ ਵਕੀਲ ਲਈ ਫੀਸ ਸੋਧ ਨੋਟੀਫਿਕੇਸ਼ਨ ਲਾਗੂ ਹੋ ਗਈ ਹੈ। ਸਾਰੇ ਸਲਾਹਕਾਰਾਂ ਨੂੰ ਵਧਾਈਆਂ। ਇਹ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਬਕਾਇਆ ਸੀ। ਮੈਨੂੰ ਖੁਸ਼ੀ ਹੈ ਕਿ ਇਹ ਯਤਨ ਅਪਣੇ ਸਹੀ ਸਿੱਟੇ ਉਤੇ ਪਹੁੰਚ ਗਿਆ ਹੈ।" ਰਾਣਾ, ਜੋ ਹੁਣ ਕਾਨੂੰਨ ਕਮਿਸ਼ਨ ਦੇ ਮੈਂਬਰ ਸਕੱਤਰ ਹਨ, ਨੇ ਕਿਹਾ ਕਿ ਅਦਾਲਤਾਂ ਵਿਚ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਨ ਲਈ ਪ੍ਰਤਿਭਾਸ਼ਾਲੀ ਵਕੀਲਾਂ ਨੂੰ ਬਰਕਰਾਰ ਰੱਖਣ ਲਈ ਇਹ ਵਾਧਾ ਜ਼ਰੂਰੀ ਹੈ। ਅਟਾਰਨੀ ਜਨਰਲ, ਸਾਲਿਸਿਟਰ ਜਨਰਲ ਅਤੇ ਵੱਖ-ਵੱਖ ਐਡੀਸ਼ਨਲ ਸਾਲਿਸਿਟਰ ਜਨਰਲ ਸਮੇਤ ਕਾਨੂੰਨ ਅਧਿਕਾਰੀਆਂ ਤੋਂ ਇਲਾਵਾ, ਕੇਂਦਰ ਸਰਕਾਰ ਕਾਨੂੰਨੀ ਸਲਾਹਕਾਰ ਵਜੋਂ ਨਿਆਂਇਕ ਮੰਚਾਂ ਉਤੇ ਇਸ ਦੀ ਨੁਮਾਇੰਦਗੀ ਕਰਨ ਲਈ ਵਕੀਲਾਂ ਦੀ ਨਿਯੁਕਤੀ ਵੀ ਕਰਦੀ ਹੈ।

### ਕਤਲ ਅਤੇ ਅੱਗਜ਼ਨੀ ਦੇ ਮਾਮਲੇ 'ਚ ਸਬੂਤਾਂ ਦੀ ਕਮੀ ਕਾਰਨ 22 ...

ਬਾਅਦ ਬਾਕੀ 22 ਮੁਲਜ਼ਮਾਂ ਵਿਰੁਧ ਕਾਰਵਾਈ ਜਾਰੀ ਸੀ। ਹਨੀਫ਼ ਨੇ ਅਪਣੀ ਸ਼ਿਕਾਇਤ 'ਚ ਦੋਸ਼ ਲਾਇਆ ਸੀ ਕਿ ਸੈਂਕੜੇ ਦੰਗਾਈਆਂ ਨੇ ਪਿੰਡ 'ਚ ਘਰਾਂ ਉਤੇ ਹਮਲਾ ਕੀਤਾ, ਜਾਇਦਾਦ ਲੁੱਟੀ ਅਤੇ ਬਾਅਦ 'ਚ ਘਰਾਂ ਨੂੰ ਅੱਗ ਲਗਾ ਦਿਤੀ। ਸ਼ਿਕਾਇਤ 'ਚ ਦੋਸ਼ ਸੀ ਕਿ ਹਮਲੇ ਦੌਰਾਨ ਸ਼ਿਕਾਇਤਕਰਤਾ ਦੇ ਪਿੰਡਾ ਰਹੀਸੁਦੀਨ ਦਾ ਕੁੱਟ-ਕੁੱਟ ਕੇ ਕਤਲ ਕਰ ਦਿਤਾ ਗਿਆ। ਦੰਗਾਈਆਂ ਉਤੇ ਇਕ ਮਸਜਿਦ ਨੂੰ ਨੁਕਸਾਨ ਪਹੁੰਚਾਉਣ ਅਤੇ ਇਕ ਪੁਲਿਸ ਕਾਂਸਟੇਬਲ ਦੀ ਮੋਟਰਸਾਈਕਲ 'ਚ ਅੱਗ ਲਾਉਣ ਦਾ ਵੀ ਦੋਸ਼ ਸੀ। ਬਰੀ ਕੀਤੇ ਮੁਲਜ਼ਮਾਂ 'ਚ ਅਨਿਲ, ਸੁਭਾਸ਼, ਸੰਜੀਵ, ਕਰਣ, ਸ਼ੇਰ ਸਿੰਘ, ਰਿਸ਼ੀਪਾਲ, ਹੰਸਪਾਲ, ਪ੍ਰਮੋਦ, ਵਿੱਕੀ, ਬਾਦਲ, ਮਦਨ, ਜੈ ਨਰਾਇਣ, ਬ੍ਰਿਜਵੀਰ, ਵਿਨੋਦ ਕਾਲਾ, ਪ੍ਰਵੀਣ ਜਗਪਾਲ, ਪ੍ਰੇਮਪਾਲ, ਪੱਪੂ, ਨੀਟੂ, ਭੂਰਾ ਅਤੇ ਹਰਿੰਦਰ ਸਿੰਘ ਸ਼ਾਮਲ ਹਨ। ਇਹ ਸਾਰੇ ਮੁਹੰਮਦਪੁਰ ਰਾਏਸਿੰਘ ਪਿੰਡ ਦੇ ਵਾਸੀ ਹਨ। ਮੁਜ਼ੱਫ਼ਰਨਗਰ 'ਚ 2013 ਦੌਰਾਨ ਹੋਏ ਦੰਗਿਆਂ 'ਚ 60 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਸੀ ਅਤੇ 40 ਹਜ਼ਾਰ ਤੋਂ ਵੱਧ ਲੋਕ ਵਿਸਥਾਪਿਤ ਹੋਏ ਸਨ।

## ਸੰਪਾਦਕੀ

# ਕਾਰਗਰ ਸਾਬਤ ਹੋਵੇਗੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜਾ ਰਹੀ ਸਿਹਤ ਯੋਜਨਾ ਦੇ ਐਲਾਨ ਨਾਲ ਪੰਜਾਬ ਅਤੇ ਚੰਡੀਗੜ੍ਹ ਦੇ ਵਸਨੀਕਾਂ ਨੂੰ ਭਾਰੀ ਲਾਭ ਮਿਲੇਗਾ। ਇਸ ਯੋਜਨਾ ਦੀ ਪੰਜਾਬ ਵਾਸੀਆਂ ਵੱਲੋਂ ਰੱਜ ਕੇ ਤਾਰੀਫ ਹੋਈ ਹੈ। ਕਿਉਂਕਿ ਘਰ ਦੀ ਆਰਥਿਕ ਮੰਦੀ ਕਾਰਨ ਹਰ ਸਾਲ ਬੇਸ਼ਕੀਮਤੀ ਜ਼ਿੰਦਗੀਆਂ ਮੌਤ ਦੀ ਭੇਟ ਚੜ੍ਹ ਜਾਂਦੀਆਂ ਹਨ। ਜਾਣਕਾਰੀ ਮੁਤਾਬਕ ਪੰਜਾਬ ਅਤੇ ਚੰਡੀਗੜ੍ਹ ਦੇ ਨਾਮੀਂ ਹਸਪਤਾਲਾਂ ਤੋਂ ਇਲਾਵਾ ਪੰਜਾਬ ਦੇ 750 ਸੂਚੀਬੱਧ ਹਸਪਤਾਲ ਵੀ ਪੀੜ੍ਹਤਾਂ ਦੇ ਇਲਾਜ ਲਈ ਪਾਬੰਦ ਹੋਣਗੇ। ਇਹ ਸੁਵਿਧਾ ਬੇਹੱਦ ਅਹਿਮ ਸਮਝੀ ਜਾ ਰਹੀ ਹੈ, ਜਿਸ ਨਾਲ ਪੰਜਾਬ ਸਰਕਾਰ ਦਾ ਲੋਕਾਂ ਵਿਚ ਵਿਸ਼ਵਾਸ ਹੋਰ ਵਧੇਗਾ। ਇਹ ਯੋਜਨਾ ਬਕਾਇਦਾ 15 ਜਨਵਰੀ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸਦੀ ਸ਼ੁਰੂਆਤ ਕੀਤੀ ਹੈ। ਇਹ ਸਹੂਲਤ ਪੰਜਾਬ ਅਤੇ ਚੰਡੀਗੜ੍ਹ ਦੇ ਅਧਾਰ ਕਾਰਡ ਅਤੇ ਵੋਟਰ ਕਾਰਡਾਂ ਵਾਲੇ ਵਸਨੀਕਾਂ ਨੂੰ ਮਿਲੇਗੀ। ਰਜਿਸਟ੍ਰੇਸ਼ਨ ਦੇ 15 ਦਿਨਾਂ ਦੇ ਅੰਦਰ ਹੀ ਬਾਇਓਮੀਟ੍ਰਿਕ ਹੈਲਥ ਕਾਰਡ ਬਣ ਕੇ ਸਬੰਧਤ ਲੋਕਾਂ ਤਕ ਪਹੁੰਚ ਜਾਣਗੇ। ਪੰਜਾਬ ਸਰਕਾਰ ਨੇ ਇਸ ਯੋਜਨਾ ਲਈ 1200 ਕਰੋੜ ਦਾ ਬਜਟ ਰੱਖਿਆ ਹੈ। ਸਰਕਾਰ ਨੇ ਇਹ ਵੀ ਕਿਹਾ ਕਿ ਹੈ ਕਿ ਇਲਾਜ ਕਰਨ ਵਾਲੇ ਹਸਪਤਾਲਾਂ ਨੂੰ ਇਲਾਜ ’ਤੇ ਖਰਚ ਆਈ ਰਕਮ 15 ਦਿਨਾਂ ਜਾਂ ਵੱਧ ਤੋਂ ਵੱਧ ਇਕ ਮਹੀਨੇ ਵਿਚ ਅਦਾ ਕਰ ਦਿੱਤੀ ਜਾਇਆ ਕਰੇਗੀ। ਵਰਨਣਯੋਗ ਹੈ ਕਿ ਪੰਜਾਬ ਸਣੇ ਦੇਸ਼ ਅੰਦਰ ਬਹੁ ਗਿਣਤੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਾਂ ਫਿਰ ਮੱਧ ਵਰਗ ਨਾਲ ਸਬੰਧ ਰੱਖਦੇ ਹਨ। ਆਰਥਿਕ ਕਾਰਨਾਂ ਕਰਕੇ ਇਹ ਲੋਕ ਆਪਣਾ ਸਮੇਂ ਸਿਰ ਅਤੇ ਢੁੱਕਵਾਂ ਇਲਾਜ ਕਰਵਾਉਣ ਤੋਂ ਵੰਚਿਤ ਰਹਿ ਜਾਂਦੇ ਹਨ ਜਾਂ ਫਿਰ ਬੇਵਕਤੀ ਮੌਤ ਦੇ ਮੂੰਹ ਚਲੇ ਜਾਂਦੇ ਹਨ। ਬਹੁਤੀਆਂ ਪ੍ਰਸਥਿਤੀਆਂ ਵਿਚ ਘਰ ਦਾ ਇੱਕੋ ਇੱਕ ਕਮਾਊ ਮੈਂਬਰ ਹੀ ਦੁਨੀਆਂ ਤੋਂ ਚਲਾਣਾ ਕਰ ਜਾਂਦਾ ਹੈ, ਨਤੀਜ਼ਨ ਬਾਕੀ ਪਰਿਵਾਰ ਨੂੰ ਜ਼ਿੰਦਗੀ ਚਲਾਉਣੀ ਡਾਢੀ ਮੁਸ਼ਕਲ ਹੋ ਜਾਂਦੀ ਹੈ। ਅਜਿਹੀ ਯੋਜਨਾ ਬਹੁਤ ਪਹਿਲਾਂ ਸ਼ੁਰੂ ਹੋਣੀ ਚਾਹੀਦੀ ਸੀ ਪਰ ਦੇਰ ਆਏ ਦਰੁਸਤ ਆਏ ਦੇ ਕਥਨ ਅਨੁਸਾਰ ਇਹ ਯੋਜਨਾ ਹੁਣ ਵੀ ਸਮੇਂ ਦੇ ਅਨੁਕੂਲ ਚੁੱਕਿਆ ਸਹੀ ਕਦਮ ਹੈ। ਪੰਜਾਬ ਸਰਕਾਰ ਨੇ ਇਸ ਯੋਜਨਾ ਨੂੰ ਸ਼ੁਰੂ ਕਰਨ ਲਈ ਯੂਨਾਈਟਿਡ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ ਸਹੀਬੱਧ ਕੀਤਾ ਹੈ। ਭਾਵੇਂ ਪੰਜਾਬ ਸਰਕਾਰ ਨੂੰ ਇਹ ਸਮਝੌਤਾ ਕਰਨ ਲਈ ਕੰਪਨੀ ਬੜੀ ਮਿਹਨਤ ਨਾਲ ਲੱਭੀ ਹੈ ਪਰ ਫਿਰ ਵੀ ਉਸਨੇ ਸਖਤ ਮਿਹਨਤ ਨਾਲ ਇਹ ਟੀਚਾ ਪੂਰਾ ਕਰ ਲਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਰਾਜ ਸਿਹਤ ਏਜੰਸੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੰਯਮ ਅਗਰਵਾਲ ਅਤੇ ਯੂਨਾਈਟਿਡ ਇੰਸ਼ੋਰੈਂਸ ਕੰਪਨੀ ਦੇ ਕਾਰਜਕਾਰੀ ਡਾਇਰੈਕਟਰ ਮੈਥਿਊ ਜੌਰਜ ਨੇ ਸਮਝੌਤੇ ’ਤੇ ਦਸਤਖ਼ਤ ਕੀਤੇ। ਸਿਹਤ ਮੰਤਰੀ ਡਾ. ਬਲਵੀਰ ਸਿੰਘ ਅਨੁਸਾਰ ਸਰਕਾਰੀ ਕਰਮਚਾਰੀਆਂ, ਪੈਨਸ਼ਨਰਾਂ ਸਮੇਤ ਪੰਜਾਬ ਦੇ ਸਾਰੇ ਵਸਨੀਕਾਂ ਨੂੰ 10 ਲੱਖ ਤਕ ਦਾ ਨਕਦੀ ਰਹਿਤ ਇਲਾਜ ਮੁਹੱਈਆ ਹੋ ਸਕੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਅਧਾਰ ਕਾਰਡ ਅਤੇ ਵੋਟਰ ਕਾਰਡ ਦੀ ਵਰਤੋਂ ਕਰਕੇ ਕਾਮਨ ਸਰਵਿਸ ਸੈਂਟਰਾਂ ਰਾਹੀਂ ਰਜਿਸਟ੍ਰੇਸ਼ਨ ਹੋ ਸਕੇਗੀ ਅਤੇ ਇਸ ਮਗਰੋਂ ਲਾਭਪਾਤਰੀਆਂ ਨੂੰ ਸਮਰਪਿਤ ਐਮ.ਐਮ.ਐਸ. ਵਾਈ ਕਾਰਡ ਪ੍ਰਾਪਤ ਹੋਣਗੇ। ਉਨ੍ਹਾਂ ਮੁਤਾਬਕ ਹੁਣ ਤਕ ਸੂਚੀਬੱਧ ਕੀਤੇ ਗਏ ਹਸਪਤਾਲਾਂ ਵਿਚ ਹੋਰ ਵੀ ਵਾਧਾ ਕੀਤਾ ਜਾਵੇਗਾ। ਦੱਸ ਦੇਈਏ ਕਿ ਇਹ ਸਕੀਮ ਹਰ ਇਕ ਨਾਗਰਿਕ ਲਈ ਅਹਿਮ ਹੈ। ਕਿਉਂਕਿ ਸਿਹਤ ਨਾਲ ਸਬੰਧਤ ਹੋਣ ਕਰਕੇ ਇਸ ਦਾ ਸਬੰਧ ਹਰ ਨਾਗਰਿਕ ਨਾਲ ਹੈ। ਬਿਨਾਂ ਸ਼ੱਕ ਪੰਜਾਬ ਵਾਸੀਆਂ ਵੱਲੋਂ ਸਰਕਾਰ ਦੀ ਇਸ ਪਹਿਲਕਦਮੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਯਾਦ ਕਰਵਾ ਦੇਈਏ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਮੌਕੇ ਵੀ ਲੋਕਾਂ ਲਈ ਬਿਹਤਰ ਸਿਹਤ ਸੇਵਾਵਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ। ਜਿਸ ਦੇ ਚਲਦਿਆਂ ਉਸਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਮੁਹੱਲਾ ਕਲੀਨਿਕ ਸ਼ੁਰੂ ਕੀਤੇ, ਜਿਸਦਾ ਲੋਕ ਫਾਇਦਾ ਉਠਾ ਰਹੇ ਹਨ। ਕਿਉਂਕਿ ਘਰ ਦੇ ਨਜ਼ਦੀਕ ਉਨ੍ਹਾਂ ਨੂੰ ਮੁਫ਼ਤ ਅਤੇ ਪਾਏਦਾਰ ਸਿਹਤ ਸਹੂਲਤਾਂ ਮਿਲ ਰਹੀਆਂ ਹਨ। ਹੁਣ ਸਿਹਤ ਬੀਮਾ ਯੋਜਨਾ ਦੇ ਸ਼ੁਰੂ ਹੋਣ ਨਾਲ ਲੋਕਾਂ ਨੂੰ ਹੋਰ ਵੀ ਫਾਇਦਾ ਮਿਲੇਗਾ। ਬਿਨਾਂ ਸ਼ੱਕ ਸਰਕਾਰ ਦੀ ਇਹ ਯੋਜਨਾ ਸੂਬਾ ਵਾਸੀਆਂ ਲਈ ਮਦਦਗਾਰ ਸਾਬਤ ਹੋਵੇਗੀ। ਜਿਸਦਾ ਅਮੀਰ ਗਰੀਬ ਜਾਂ ਦਰਮਿਆਨਾ ਵਰਗ ਸਮੇਂ ਸਿਰ ਫਾਇਦਾ ਉਠਾ ਸਕੇਗਾ। ਦੱਸ ਦੇਈਏ ਕਿ ਸਰਕਾਰ ਦੇ ਕਾਰਜਕਾਲ ਦਾ ਆਖਰੀ ਵਰ੍ਹਾ ਸ਼ੁਰੂ ਹੋਣ ਵਾਲਾ ਹੈ ਤੇ ਉਸਨੇ ਮੁੜ ਲੋਕਾਂ ਦੀ ਕਚਿਹਰੀ ਵਿਚ ਜਾਣਾ ਹੈ। ਇਸ ਲਈ ਉਸਨੂੰ ਲੋਕ ਹਿੱਤ ਵਿੱਚ ਫ਼ੈਸਲੇ ਲੈਣੇ ਹੀ ਪੈਣਗੇ।

-ਜਗਜੀਤ ਸਿੰਘ ਦਰਦੀ

ਭਾਰਤ-ਅਮਰੀਕਾ ਖੇਤੀਬਾੜੀ ਡੀਲ

# ਅੱਜ ਦੀ ਖੇਤੀ ਸਿਰਫ਼ ਖੇਤਾਂ ਦੀ ਗੱਲ ਨਹੀਂ ਰਹੀ—ਇਹ ਗਲੋਬਲ ਮਾਰਕੀਟ, ਕਾਰਪੋਰੇਟ ਹਿੱਤਾਂ ਦਾ ਮੁੱਦਾ

## ਪੰਜਾਬ ਦੀ ਖੇਤੀ: ਘਾਟੇ ਦਾ ਸੌਦਾ, ਨੌਜਵਾਨਾਂ ਦੀ ਨਵੀਂ ਉਮੀਦ ਅਤੇ ਗਲੋਬਲ ਸੌਦਿਆਂ ਦੀ ਸਿਆਸਤ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤ-ਅਮਰੀਕਾ ਖੇਤੀਬਾੜੀ ਡੀਲ ਅਤੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਤਾਜ਼ਾ ਬਿਆਨ ਇਸ ਗੱਲ ਦੀ ਯਾਦ ਦਿਵਾਉਂਦੇ ਹਨ ਕਿ ਅੱਜ ਦੀ ਖੇਤੀ ਸਿਰਫ਼ ਖੇਤਾਂ ਦੀ ਗੱਲ ਨਹੀਂ ਰਹੀ—ਇਹ ਗਲੋਬਲ ਮਾਰਕੀਟ, ਕਾਰਪੋਰੇਟ ਹਿੱਤਾਂ ਦਾ ਮੁੱਦਾ ਹੈ।

ਹੁਣ ਪੰਜਾਬ ਦੀ ਖੇਤੀ ਅੱਜ ਇੱਕ ਅਜਿਹੇ ਇਤਿਹਾਸਕ ਸੰਕਟ ਦੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਮਿੱਟੀ ਉਪਜਾਊ ਹੈ ਪਰ ਮਨੁੱਖ ਨਿਰਾਸ਼ ਹੈ, ਪਾਣੀ ਘੱਟ ਰਿਹਾ ਹੈ ਪਰ ਕਰਜ਼ਾ ਵਧ ਰਿਹਾ ਹੈ ਅਤੇ ਖੇਤ ਹਰੇ ਹਨ ਪਰ ਕਿਸਾਨ ਦਾ ਮਨ ਸੁੰਨਾ ਹੋ ਗਿਆ ਹੈ । ਜੋ ਖੇਤੀ ਕਦੇ ਪੰਜਾਬ ਦੀ ਪਹਿਚਾਣ, ਆਤਮ-ਗੌਰਵ ਅਤੇ ਦੇਸ਼ ਦੀ ਅਨਾਜੀ ਰੀੜ੍ਹ ਸੀ, ਅੱਜ ਉਹੀ ਖੇਤੀ ਘਾਟੇ ਦਾ ਸੌਦਾ ਬਣ ਚੁੱਕੀ ਹੈ। ਇਸ ਘਾਟੇ ਨੇ ਸਿਰਫ਼ ਆਰਥਿਕ ਸੰਰਚਨਾ ਨਹੀਂ ਤੋੜੀ, ਸਗੋਂ ਸਮਾਜਕ ਵਿਸ਼ਵਾਸ, ਪੀੜ੍ਹੀ ਦਰ ਪੀੜ੍ਹੀ ਸੰਚਿਤ ਗਿਆਨ ਅਤੇ ਨੌਜਵਾਨਾਂ ਦੇ ਭਵਿੱਖੀ ਸੁਪਨੇ ਵੀ ਝੰਜੋੜ ਕੇ ਰੱਖ ਦਿੱਤੇ ਹਨ।

ਇਸ ਪਿਛੋਕੜ ਵਿੱਚ ਇੱਕ ਨਵਾਂ ਪ੍ਰਸ਼ਨ ਜਨਮ ਲੈ ਰਿਹਾ ਹੈ—ਕੀ ਪੰਜਾਬ ਦੀ ਖੇਤੀ ਮੁੜ ਜਿਉਂਦੀ ਹੋ ਸਕਦੀ ਹੈ? ਕੀ ਨੌਜਵਾਨ, ਜੋ ਕੱਲ੍ਹ ਤੱਕ ਖੇਤ ਛੱਡ ਕੇ ਵਿਦੇਸ਼ ਜਾਣ ਨੂੰ ਮੁਕਤੀ ਸਮਝਦੇ ਸਨ, ਅੱਜ ਖੇਤੀ ਵੱਲ ਮੁੜ ਕੇ ਦੇਖ ਰਹੇ ਹਨ? ਅਤੇ ਕੀ ਔਰਗੈਨਿਕ ਜਾਂ ਵਿਕਲਪਕ ਖੇਤੀ ਮਾਡਲ ਪੰਜਾਬ ਲਈ ਕੋਈ ਅਸਲੀ ਰਾਹ ਖੋਲ੍ਹ ਸਕਦੇ ਹਨ—ਜਾਂ ਇਹ ਵੀ ਕੇਵਲ ਇੱਕ ਨਵਾਂ ਨਾਅਰਾ ਹੀ ਸਾਬਤ ਹੋਣਗੇ?

ਅੱਜ ਇਹ ਘਾਟੇ ਦੀ ਖੇਤੀ ਹੈ। ਅੰਕੜਿਆਂ ਤੋਂ ਪਰੇ ਇੱਕ ਸਮਾਜਕ ਸੱਚ ਇਹ ਹੈ ਕਿ ਪੰਜਾਬ ਵਿੱਚ ਖੇਤੀ ਅੱਜ ਮੁਨਾਫ਼ੇ ਦੀ ਥਾਂ ਨੁਕਸਾਨ ਦੀ ਪ੍ਰਕਿਰਿਆ ਬਣ ਗਈ ਹੈ। ਡੀਜ਼ਲ, ਬੀਜ, ਖਾਦ, ਕੀਟਨਾਸ਼ਕ, ਮਜ਼ਦੂਰੀ ਅਤੇ ਮਸ਼ੀਨਰੀ—ਹਰ ਚੀਜ਼ ਦੀ ਲਾਗਤ ਵੱਧ ਗਈ ਹੈ, ਪਰ ਫ਼ਸਲ ਦੀ ਕੀਮਤ ਉਸ ਅਨੁਪਾਤ ਵਿੱਚ ਨਹੀਂ ਵਧੀ। MSP ਦਾ ਦਾਅਵਾ ਕਾਗਜ਼ਾਂ ’ਚ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਕਿਸਾਨ ਅਕਸਰ ਖੁੱਲ੍ਹੀ ਮੰਡੀ ਦੇ ਰਹਿਮ-ਕਰਮ ’ਤੇ ਜਿਉਂਦਾ ਹੈ।

ਇਹ ਘਾਟਾ ਸਿਰਫ਼ ਆਰਥਿਕ ਨਹੀਂ, ਮਨੋਵਿਗਿਆਨਕ ਵੀ ਹੈ। ਕਿਸਾਨ ਹੁਣ ਆਪਣੇ ਪੁੱਤਰ ਨੂੰ ਖੇਤ ਵਿੱਚ ਨਹੀਂ, ਬਲਕਿ IELTS ਸੈਂਟਰ ਵਿੱਚ ਦੇਖਣਾ ਚਾਹੁੰਦਾ ਹੈ। ਖੇਤੀ ਉਸ ਦੀ ਨਜ਼ਰ ਵਿੱਚ ਵਿਰਾਸਤ ਨਹੀਂ, ਬੋਝ ਬਣ ਚੁੱਕੀ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਖੇਤੀ ਨਾਲ ਜੁੜੀ ਨਿਰਾਸ਼ਾ ਨੇ ਨਸ਼ਿਆਂ, ਮਾਈਗ੍ਰੇਸ਼ਨ ਅਤੇ ਸਮਾਜਕ ਵਿਖੰਡਨ ਨੂੰ ਹੋਰ ਡੂੰਘਾ ਕੀਤਾ ਹੈ।

ਅੱਜ ਨੌਜਵਾਨਾਂ ਦੀ ਵਾਪਸੀ ਹੁਣ ਮਜਬੂਰੀ ਜਾਂ ਨਵੀਂ ਚੇਤਨਾ ਹੈ?

ਪਰ ਇਸ ਨਿਰਾਸ਼ ਤਸਵੀਰ ਦੇ ਦਰਮਿਆਨ ਕੁਝ ਨਵੇਂ ਰੰਗ ਵੀ ਉਭਰ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ ਕੁਝ ਨੌਜਵਾਨ ਖੇਤੀ ਵੱਲ ਮੁੜਦੇ ਦਿੱਸ ਰਹੇ ਹਨ—ਪਰ ਇਹ ਵਾਪਸੀ ਪੁਰਾਣੀ ਖੇਤੀ ਵੱਲ ਨਹੀਂ, ਬਲਕਿ ਇੱਕ ਨਵੀਂ ਸੋਚ ਨਾਲ ਹੋ ਰਹੀ ਹੈ। ਇਹ ਨੌਜਵਾਨ ਰਸਾਇਣਕ ਖੇਤੀ ਤੋਂ ਹੱਟ ਕੇ ਔਰਗੈਨਿਕ, ਕੁਦਰਤੀ, ਡਾਇਰੈਕਟ ਮਾਰਕੀਟਿੰਗ ਅਤੇ ਐਗਰੋ-ਸਟਾਰਟਅਪ ਮਾਡਲਾਂ ਵੱਲ ਵੱਧ ਰਹੇ ਹਨ।

ਉਹ ਖੇਤੀ ਨੂੰ ਹੁਣ ਸਿਰਫ਼ ਉਤਪਾਦਨ ਨਹੀਂ, ਬਲਕਿ ਇੱਕ ਉਦਯੋਗ, ਇੱਕ ਬ੍ਰਾਂਡ ਅਤੇ ਇੱਕ ਜੀਵਨ ਸ਼ੈਲੀ ਵਜੋਂ ਦੇਖ ਰਹੇ ਹਨ। ਸੋਸ਼ਲ ਮੀਡੀਆ, ਫਾਰਮ-ਟੂ-ਟੇਬਲ ਮਾਡਲ ਅਤੇ ਸ਼ਹਿਰੀ ਮਾਰਕੀਟਾਂ ਨਾਲ ਸਿੱਧੀ ਸਾਂਝ ਨੇ ਕੁਝ ਨੌਜਵਾਨਾਂ ਨੂੰ ਆਤਮਨਿਰਭਰ ਬਣਾਇਆ ਹੈ। ਇਹ ਰੁਝਾਨ ਅਜੇ ਛੋਟਾ ਹੈ, ਪਰ ਇਸ ਵਿੱਚ ਭਵਿੱਖ ਦੇ ਬੀਜ ਮੌਜੂਦ ਹਨ।

ਅੱਜ ਔਰਗੈਨਿਕ ਮਾਡਲ ਹੁਣ ਉਮੀਦ ਜਾਂ ਭਰਮ ਹੈ ?

ਔਰਗੈਨਿਕ ਖੇਤੀ ਨੂੰ ਅਕਸਰ ਪੰਜਾਬ ਦੀਆਂ ਸਭ ਸਮੱਸਿਆਵਾਂ ਦਾ ਇਲਾਜ ਦੱਸਿਆ ਜਾਂਦਾ ਹੈ। ਬੇਸ਼ੱਕ, ਇਹ ਮਾਡਲ ਮਿੱਟੀ, ਪਾਣੀ ਅਤੇ ਮਨੁੱਖੀ ਸਿਹਤ ਲਈ ਲਾਭਦਾਇਕ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਮਾਡਲ ਵੱਡੇ ਪੱਧਰ ’ਤੇ ਲਾਗੂ ਹੋ ਸਕਦਾ ਹੈ?

ਔਰਗੈਨਿਕ ਖੇਤੀ ਲਈ ਸਮਾਂ, ਧੀਰਜ ਅਤੇ ਮਾਰਕੀਟ ਦੀ ਸਹੀ ਸੰਰਚਨਾ ਚਾਹੀਦੀ ਹੈ। ਜੇ ਸਰਕਾਰ ਸਿਰਫ਼ ਨਾਅਰੇ ਦੇਵੇ ਅਤੇ ਕਿਸਾਨ ਨੂੰ ਮਾਰਕੀਟ ਦੇ ਰਹਿਮ ’ਤੇ ਛੱਡ ਦੇਵੇ, ਤਾਂ ਔਰਗੈਨਿਕ ਵੀ ਘਾਟੇ ਦਾ ਸੌਦਾ ਬਣ ਸਕਦਾ ਹੈ। ਲੋੜ ਹੈ ਇੱਕ ਐਸੀ ਨੀਤੀ ਦੀ ਜੋ ਟ੍ਰਾਂਜ਼ਿਸ਼ਨ ਪੀਰੀਅਡ ਦੌਰਾਨ ਕਿਸਾਨ ਨੂੰ ਆਰਥਿਕ ਸਹਾਰਾ ਦੇਵੇ ਅਤੇ ਉਤਪਾਦ ਦੀ ਯਕੀਨੀ ਖਰੀਦ ਦੀ ਗਾਰੰਟੀ ਕਰੇ।

ਅੱਜ ਭਾਰਤ-ਅਮਰੀਕਾ ਖੇਤੀ ਡੀਲ ਕਿਸ ਦੇ ਹਿੱਤ ਵਿੱਚ ਹੈ ?

ਇਸ ਸਾਰੇ ਦ੍ਰਿਸ਼ ਵਿੱਚ ਭਾਰਤ-ਅਮਰੀਕਾ ਖੇਤੀਬਾੜੀ ਡੀਲ ਇੱਕ ਨਵਾਂ ਸਵਾਲ ਖੜ੍ਹਾ ਕਰਦੀ ਹੈ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਇਹ ਬਿਆਨ ਕਿ ਗਲੋਬਲ ਸਹਿਯੋਗ ਨਾਲ ਭਾਰਤੀ ਖੇਤੀ ਆਧੁਨਿਕ ਬਣੇਗੀ ਸੁਣਨ ਵਿੱਚ ਆਕਰਸ਼ਕ ਹੈ, ਪਰ ਪੰਜਾਬ ਦੇ ਕਿਸਾਨ ਲਈ ਇਹ ਡਰ ਨਾਲ ਭਰਿਆ ਹੈ।

ਅਮਰੀਕੀ ਖੇਤੀ ਕਾਰਪੋਰੇਟ, GMO ਬੀਜ, ਪੇਟੈਂਟ ਅਤੇ ਵੱਡੀ ਪੈਮਾਨੇ ਦੀ ਖੇਤੀ—ਇਹ ਸਭ ਉਸ ਛੋਟੇ ਅਤੇ ਮੱਧਮ ਕਿਸਾਨ ਲਈ ਖ਼ਤਰਾ ਹਨ, ਜੋ ਪਹਿਲਾਂ ਹੀ ਅਸੁਰੱਖਿਅਤ ਹੈ। ਸਵਾਲ ਇਹ ਨਹੀਂ ਕਿ ਤਕਨਾਲੋਜੀ ਆਵੇ ਜਾਂ ਨਾ ਆਵੇ; ਸਵਾਲ ਇਹ ਹੈ ਕਿ ਉਸ ਤਕਨਾਲੋਜੀ ’ਤੇ ਕਿਸ ਦਾ ਕਬਜ਼ਾ ਹੋਵੇਗਾ।

ਖੇਤੀ ਮੰਤਰੀ ਚੌਹਾਨ ਦਾ ਬਿਆਨ ਅਤੇ ਪੰਜਾਬ ਦੀ ਚਿੰਤਾ ਕਰਨ ਦਾ ਮੌਕਾ ਹੈ। ਕੇਂਦਰੀ ਮੰਤਰੀ ਦੇ ਬਿਆਨ ਵਿੱਚ ਕਿਸਾਨ ਦੀ ਆਮਦਨ ਦੁੱਗਣੀ ਕਰਨ ਦਾ ਜ਼ਿਕਰ ਹੈ, ਪਰ ਪੰਜਾਬ ਦਾ ਤਜਰਬਾ ਸਿਖਾਉਂਦਾ ਹੈ ਕਿ ਵਾਅਦਿਆਂ ਅਤੇ ਹਕੀਕਤ ਵਿੱਚ ਅਕਸਰ ਵੱਡਾ ਫ਼ਰਕ ਹੁੰਦਾ ਹੈ। ਜੇ ਗਲੋਬਲ ਡੀਲਾਂ ਦੇ ਨਤੀਜੇ ਵਜੋਂ MSP ਕਮਜ਼ੋਰ ਹੁੰਦੀ ਹੈ, ਖੁੱਲ੍ਹੀ ਮੰਡੀ ਹਾਵੀ ਹੁੰਦੀ ਹੈ ਅਤੇ ਬੀਜ-ਖਾਦ ਕਾਰਪੋਰੇਟ ਦੇ ਹੱਥਾਂ ਵਿੱਚ ਜਾਂਦੇ ਹਨ, ਤਾਂ ਪੰਜਾਬ ਦਾ ਕਿਸਾਨ ਹੋਰ ਵੀ ਹਾਸ਼ੀਏ ’ਤੇ ਚਲਾ ਜਾਵੇਗਾ।

ਹੁਣ ਅੰਤਿਮ ਸਵਾਲ ਇਹ ਹੈ ਕਿ ਇਹ ਖੇਤੀ ਕਿਸ ਲਈ ਹੈ ?

ਅੱਜ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਖੇਤੀ ਕਿਵੇਂ ਕੀਤੀ ਜਾਵੇ, ਸਵਾਲ ਇਹ ਹੈ ਕਿ ਖੇਤੀ ਕਿਸ ਲਈ ਕੀਤੀ ਜਾ ਰਹੀ ਹੈ—ਕਿਸਾਨ ਲਈ ਜਾਂ ਮਾਰਕੀਟ ਲਈ? ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਸਿਰਫ਼ ਤਕਨਾਲੋਜੀ ਨਹੀਂ, ਸਗੋਂ ਨੀਤੀਕ ਇਮਾਨਦਾਰੀ, ਸੰਵਿਧਾਨਕ ਸੁਰੱਖਿਆ ਅਤੇ ਸਮਾਜਕ ਸੰਵੇਦਨਸ਼ੀਲਤਾ ਦੀ ਲੋੜ ਹੈ।

ਜੇ ਨੌਜਵਾਨਾਂ ਦੀ ਨਵੀਂ ਰੁਚੀ, ਔਰਗੈਨਿਕ ਮਾਡਲ ਅਤੇ ਸਥਾਨਕ ਮਾਰਕੀਟਾਂ ਨੂੰ ਸਹੀ ਦਿਸ਼ਾ ਮਿਲੇ, ਤਾਂ ਪੰਜਾਬ ਦੀ ਖੇਤੀ ਮੁੜ ਜਾਗ ਸਕਦੀ ਹੈ। ਨਹੀਂ ਤਾਂ ਗਲੋਬਲ ਸੌਦਿਆਂ ਦੇ ਸ਼ੋਰ ਵਿੱਚ ਕਿਸਾਨ ਦੀ ਆਵਾਜ਼ ਫਿਰ ਦੱਬ ਜਾਵੇਗੀ ਅਤੇ ਖੇਤ ਹਰੇ ਹੋਣ ਦੇ ਬਾਵਜੂਦ ਪੰਜਾਬ ਅੰਦਰੋਂ ਸੁੱਕਦਾ ਰਹੇਗਾ।

ਨਵਾਂ ਰਾਜ ਪੁਰਾਣਾ ਢਾਂਚਾ

# ਬ੍ਰਿਟਿਸ਼ “ਡਿਵਾਇਡ ਐਂਡ ਰੂਲ” ਤੋਂ ਅੱਜ ਦੀ “ਡਿਵਾਇਡ ਐਂਡ ਵਿੰਨ” ਤੱਕ ਭਾਸ਼ਾ/ਸਿੱਖਿਆ, ਧਰਮ/ਜਾਤ, ਦੰਗੇ ਅਤੇ ਨੈਰੇਟਿਵ ਦੀ ਸਿਆਸਤ



ਵਿੰਕਲਜੀਤ ਸਿੰਘ ਸਰਾ
9501477889

**ਭਾਗ 1 : ਅੰਗਰੇਜ਼ਾਂ ਨੇ ਭਾਰਤ (ਖ਼ਾਸ ਕਰਕੇ ਪੰਜਾਬ) ’ਤੇ ਰਾਜ ਕਿਵੇਂ ਕੀਤਾ: ਰੈਵਨਿਊ, ਕਾਨੂੰਨ, ਭਾਸ਼ਾ-ਸਿੱਖਿਆ ਅਤੇ “ਸਾਥੀ ਵਰਗ’’**

**ਰਾਜ ਕਿਵੇਂ ਬਣਾਇਆ ਜਾਂਦਾ ਹੈ, ਤਲਵਾਰ ਨਾਲ ਨਹੀਂ, ਸਿਸਟਮ ਨਾਲ :** ਅੰਗਰੇਜ਼ ਜਦੋਂ ਭਾਰਤ ਆਏ ਤਾਂ ਉਹਨਾਂ ਕੋਲ ਇਕ ਵੱਡੀ ਫੌਜ ਨਹੀਂ ਸੀ ਨਾ ਹੀ ਉਹ ਲੋਕ-ਗਿਣਤੀ ਵਿੱਚ ਵੱਡੇ ਸਨ। ਪਰ ਉਹਨਾਂ ਕੋਲ ਇੱਕ ਚੀਜ਼ ਸੀ ਰਾਜ ਕਰਨ ਦੀ ਟੈਕਨੀਕ ਕਾਗਜ਼ੀ ਪ੍ਰਬੰਧ, ਹਿਸਾਬ ਕਿਤਾਬ, ਨਕਸ਼ੇ, ਰਿਕਾਰਡ, ਫੌਜੀ ਅਨੁਸ਼ਾਸਨ ਅਤੇ ਸਭ ਤੋਂ ਵਧ ਕੇ **“ਲੋਕਾਂ ਨੂੰ ਆਪਣੇ ਹੀ ਲੋਕਾਂ ਰਾਹੀਂ ਚਲਾਉਣਾ”** ਕਾਲੋਨੀਅਲ ਰਾਜ ਦਾ ਮੂਲ ਸਿਧਾਂਤ ਇਹ ਸੀ ਕਿ ਜਿੱਥੇ ਤੁਸੀਂ ਸਿੱਧੇ ਨਹੀਂ ਜਾ ਸਕਦੇ, ਓਥੇ ਤੁਸੀਂ ਵਿਚੋਲੇ ਬਣਾਉ। ਜਿੱਥੇ ਤੁਸੀਂ ਰੋਜ਼ ਗਨ ਨਹੀਂ ਚਲਾ ਸਕਦੇ, ਓਥੇ ਤੁਸੀਂ ਕਾਨੂੰਨ ਲਿਆਓ। ਜਿੱਥੇ ਤੁਸੀਂ ਹਰ ਕਿਸੇ ਨੂੰ ਦਬਾ ਨਹੀਂ ਸਕਦੇ, ਓਥੇ ਤੁਸੀਂ ਸਿੱਖਿਆ ਅਤੇ ਭਾਸ਼ਾ ਰਾਹੀਂ ਇੱਕ ਐਸੀ ਪਰਤ ਬਣਾਓ ਜੋ ਆਪਣੇ ਆਪ ਲੋਕਾਂ ਨੂੰ **“ਠੀਕ ਢੰਗ ਨਾਲ”** ਚਲਾਉਂਦੀ ਰਹੇ।

ਇਸ ਕਰਕੇ ਅੰਗਰੇਜ਼ੀ ਰਾਜ ਨੂੰ ਸਮਝਣ ਲਈ ਸਾਨੂੰ **“ਜਿੱਤਾਂ”** ਦੀ ਲਿਸਟ ਨਹੀਂ ਬਲਕਿ ਉਹ ਢਾਂਚਾ ਸਮਝਣਾ ਪੈਂਦਾ ਹੈ ਜੋ ਉਹਨਾਂ ਨੇ ਬਣਾਇਆ ਜੋ ਪਿੰਡ ਦੇ ਰਿਕਾਰਡ ਤੋਂ ਲੈ ਕੇ ਸ਼ਹਿਰ ਦੀ ਕਚਹਿਰੀ ਤੱਕ, ਸਕੂਲ ਦੇ ਸਿਲੇਬਸ ਤੋਂ ਲੈ ਕੇ ਨੌਕਰੀ ਦੇ ਇਮਤਿਹਾਨ ਤੱਕ ਅਤੇ ਅਖ਼ਬਾਰ ਦੀ ਹੇਡਲਾਈਨ ਤੋਂ ਲੈ ਕੇ ਪੁਲਿਸ ਦੀ ਡਾਇਰੀ ਤੱਕ ਹਰ ਥਾਂ ਕੰਮ ਕਰਦਾ ਸੀ। ਅੰਗਰੇਜ਼ਾਂ ਨੇ ਆਪਣੇ ਰਾਜ ਦਾ ਇੰਜਨ ਚਾਰ ਵੱਡੇ ਪਹੀਆਂ ’ਤੇ ਚਲਾਇਆ ਰੈਵਨਿਊ (ਪੈਸਾ), ਕਾਨੂੰਨ/ਪੁਲਿਸ (ਡਰ), ਸਿੱਖਿਆ-ਭਾਸ਼ਾ (ਪਾਵਰ ਦਾ ਰਸਤਾ), ਅਤੇ ਸਥਾਨਕ ਸਾਥੀ ਵਰਗ (ਮਿਡਲਮੈਨ)। ਇਹ ਚਾਰੇ ਜਿੱਥੇ ਮਿਲਦੇ ਹਨ, ਉੱਥੇ ਰਾਜ ਲੰਮਾ ਚੱਲਦਾ ਹੈ Even ਜੇ ਲੋਕ ਅੰਦਰੋਂ ਨਾਖੁਸ਼ ਰਹਿਣ।

**ਰੈਵਨਿਊ:** ਜ਼ਮੀਨ ਦੇ ਕਾਗਜ਼ਾਂ ਨਾਲ ਲੋਕਾਂ ਦੀ ਕਿਸਮਤ ਲਿਖਣਾ ।

ਭਾਰਤ ਉਸ ਵੇਲੇ ਖੇਤੀ-ਅਧਾਰਤ ਸਮਾਜ ਸੀ। ਜਿਸ ਦੇ ਹੱਥ ਵਿੱਚ ਜ਼ਮੀਨ ਦਾ ਰਿਕਾਰਡ ਅਤੇ ਉਸ ਰਿਕਾਰਡ ਦੇ ਅਧਾਰ ’ਤੇ ਟੈਕਸ ਲੈਣ ਦੀ ਤਾਕਤ ਹੋਵੇ ਉਹੀ ਅਸਲ ਰਾਜ ਕਰਦਾ ਹੈ। ਅੰਗਰੇਜ਼ਾਂ ਨੂੰ ਇਹ ਗੱਲ ਬਹੁਤ ਸਾਫ਼ ਸੀ। ਇਸ ਲਈ ਉਹਨਾਂ ਨੇ ਜ਼ਮੀਨ ਨੂੰ ਮਾਪ ਕੇ, ਨਕਸ਼ੇ ਬਣਾ ਕੇ, ਖਸਰੇ-ਖਤੌਨੀਆਂ/ਰਿਕਾਰਡ ਤਿਆਰ ਕਰਕੇ, ਅਤੇ **“ਮਾਲੀਆ”** ਨੂੰ ਨਕਦ ਰੂਪ ਵਿੱਚ ਫਿਕਸ ਕਰਕੇ ਰਾਜ ਦੀ ਪੱਕੀ ਕਮਾਈ ਬਣਾਈ। ਇਹ ਸਿਰਫ਼ ਪੈਸਾ ਨਹੀਂ ਸੀ ਇਹ ਇੱਕ ਮਨੋਵਿਗਿਆਨਕ ਕਾਬੂ ਵੀ ਸੀ ਕਿਸਾਨ ਨੂੰ ਹਰ ਮੌਸਮ ਇਹ ਯਾਦ ਰਹੇ ਕਿ ਸਰਕਾਰ ਦਾ ਹੱਕ ਪਹਿਲਾਂ ਹੈ ਤੇ ਬਾਕੀ ਬਚਿਆ ਤਾਂ ਘਰ ਦਾ। ਟੈਕਸ ਜਦੋਂ ਨਕਦ ਬਣ ਜਾਂਦਾ ਹੈ ਤਾਂ ਖੇਤੀ ਸਿਰਫ਼ ਰੋਟੀ ਨਹੀਂ ਰਹਿੰਦੀ ਉਹ ਬਾਜ਼ਾਰ ਨਾਲ ਬੱਝ ਜਾਂਦੀ ਹੈ। ਫਸਲ ਖਰਾਬ ਹੋਵੇ, ਭਾਵ ਡਿੱਗ ਜਾਣ ਜਾਂ ਘਰ ਵਿੱਚ ਕੋਈ ਬਿਮਾਰੀ ਆ ਜਾਵੇ ਟੈਕਸ ਤਾਂ ਦੇਣਾ ਹੀ ਪੈਂਦਾ ਹੈ। ਇਥੇ ਤੋਂ ਕਰਜ਼ਾ ਵਧਦਾ ਹੈ, ਸੂਦਖੋਰੀ ਵਧਦੀ ਹੈ, ਜ਼ਮੀਨ ਨੀਲਾਮੀਆਂ ਵਿੱਚ ਜਾਂਦੀ ਹੈ ਅਤੇ ਸਮਾਜ ਦੇ ਅੰਦਰ ਇੱਕ **“ਉੱਪਰ-ਹੇਠਾਂ”** ਦੀ ਲਕੀਰ ਹੋਰ ਡੂੰਘੀ ਹੁੰਦੀ ਹੈ। ਕਾਲੋਨੀਅਲ ਰਾਜ ਇਸਨੂੰ **“ਆਰਥਿਕ ਸੁਧਾਰ”** ਕਹਿ ਕੇ ਆਪਣੇ ਅੰਕੜੇ ਪੱਕੇ ਕਰ ਲੈਂਦਾ, ਪਰ ਲੋਕਾਂ ਲਈ ਇਹ ਅਕਸਰ ਅਸੁਰੱਖਿਆ ਅਤੇ ਬੇਇਨਸਾਫੀ ਦਾ ਅਨੁਭਵ ਬਣਦਾ ਸੀ।

ਇਸ ਰੇਵਨਿਊ ਢਾਂਚੇ ਦਾ ਹੋਰ ਖ਼ਤਰਨਾਕ ਪਾਸਾ ਇਹ ਸੀ ਕਿ ਇਸ ਨੇ **“ਵਫ਼ਾਦਾਰੀ”** ਨੂੰ ਵੀ ਪੈਸੇ ਨਾਲ ਜੋੜ ਦਿੱਤਾ। ਜਿਹੜੇ ਵਿਚੌਲੇ, ਜ਼ਮੀਂਦਾਰ, ਮੁਖੀਆ ਜਾਂ ਲੰਬਰਦਾਰ ਟੈਕਸ ਇਕੱਠਾ ਕਰਕੇ ਸਰਕਾਰ ਨੂੰ ਦੇ ਸਕਦੇ ਸਨ, ਉਹਨਾਂ ਦੀ ਸਰਕਾਰ ਕੋਲ ਕਦਰ ਵਧਦੀ। ਉਹਨਾਂ ਨੂੰ ਅਸਰ-ਰਸੂਖ ਮਿਲਦਾ, ਕਚਹਿਰੀ ਵਿੱਚ ਬੈਠਕ ਮਿਲਦੀ ਅਤੇ ਪਿੰਡ ਵਿੱਚ ਉੱਚਾ ਰੁਤਬਾ ਮਿਲਦਾ। ਇਸ ਤਰ੍ਹਾਂ ਰਾਜ ਨੇ ਇੱਕ ਐਸਾ ਵਰਗ ਖੜ੍ਹਾ ਕੀਤਾ ਜੋ ਆਪਣੇ ਫਾਇਦੇ ਲਈ ਰਾਜ ਦੇ ਨਾਲ ਖੜ੍ਹਾ ਰਹੇ ਭਾਵੇਂ ਪਿੰਡ ਦੇ ਗਰੀਬ ਲੋਕਾਂ ਉੱਤੇ ਉਸੇ ਦੀ ਵਸੂਲੀ ਭਾਰੀ ਪਵੇ।

**ਕਾਨੂੰਨ, ਪੁਲਿਸ ਅਤੇ ਡਰ: “Rule of Law”ਨਹੀਂ ਅਕਸਰ “Rule by Law:** ਅੰਗਰੇਜ਼ੀ ਰਾਜ ਨੇ ਬਹੁਤ ਜ਼ੋਰ ਦੇ ਕੇ ਕਿਹਾ ਕਿ ਅਸੀਂ ਕਾਨੂੰਨੀ ਰਾਜ ਲਿਆ ਰਹੇ ਹਾਂ। ਕਚਹਿਰੀਆਂ ਬਣੀਆਂ, ਕੋਡ ਬਣੇ, ਪੁਲਿਸ ਬਣੀ, ਕਾਰਵਾਈ ਦੇ ਨਿਯਮ ਬਣੇ। ਪਰ ਕਾਲੋਨੀਅਲ ਰਾਜ ਦੀ ਮੁੱਢਲੀ ਲੋੜ **“ਨਿਆਂ”** ਨਹੀਂ ਸੀ ਉਸਦੀ ਲੋੜ **“ਸਥਿਰਤਾ”** ਸੀ। ਜਿਹੜੀ ਸਥਿਰਤਾ ਰੈਵਨਿਊ ਲਿਆਉਂਦੀ, ਉਹੀ ਸਥਿਰਤਾ ਕਾਨੂੰਨ ਨਾਲ ਬਚਾਈ ਜਾਂਦੀ। ਇਸ ਲਈ ਕਾਨੂੰਨ ਦਾ ਇੱਕ ਹਿੱਸਾ ਲੋਕਾਂ ਦੀ ਰੱਖਿਆ ਕਰਦਾ ਸੀ ਪਰ ਵੱਡਾ ਹਿੱਸਾ ਰਾਜ ਦੀ ਰੱਖਿਆ ਕਰਦਾ ਸੀ। ਅਭਿਵਯਕਤੀ, ਇਕੱਠ, ਪ੍ਰੈੱਸ, ਅਤੇ ਕਈ ਵਾਰੀ ਸਿਰਫ਼ ਸ਼ੱਕ ਦੇ ਅਧਾਰ ’ਤੇ ਲੋਕਾਂ ਨੂੰ ਹਿਰਾਸਤ ਵਿੱਚ ਰੱਖਣ ਵਾਲੀ ਸੋਚ ਇਹ ਸਭ ਕਾਲੋਨੀਅਲ ਸਿਸਟਮ ਵਿੱਚ ਮੌਜੂਦ ਸੀ। ਲੋਕਾਂ ਨੂੰ ਦੱਸਿਆ ਜਾਂਦਾ ਕਿ ਕਾਨੂੰਨ ਸਭ ਲਈ ਇੱਕੋ ਹੈ, ਪਰ ਜ਼ਮੀਨ ’ਤੇ ਅਨੁਭਵ ਇਹ ਹੁੰਦਾ ਕਿ ਕਾਨੂੰਨ ਦੀ ਲਾਠੀ ਕਈ ਵਾਰ ਕਮਜ਼ੋਰ ਉੱਤੇ ਵੱਧ ਪੈਂਦੀ ਅਤੇ ਤਾਕਤਵਰ ਨੂੰ ਬਚਣ ਦੇ ਰਸਤੇ ਮਿਲ ਜਾਂਦੇ। ਡਰ ਸਿਰਫ਼ ਜੇਲ ਦਾ ਨਹੀਂ ਹੁੰਦਾ। ਡਰ ਇਹ ਹੁੰਦਾ ਹੈ ਕਿ ਤੁਹਾਡੇ ਕਾਗਜ਼ ਫਸ ਗਏ ਤਾਂ ਪੀੜ੍ਹੀਆਂ ਰੁਲਣਗੀਆਂ, ਤੁਸੀਂ ਬੋਲਿਆ ਤਾਂ ਕੇਸ ਬਣ ਜਾਵੇਗਾ, ਤੁਸੀਂ ਲਿਖਿਆ ਤਾਂ ਅਖ਼ਬਾਰ ਬੰਦ ਹੋ ਜਾਵੇਗਾ, ਤੁਸੀਂ ਇਕੱਠ ਕੀਤਾ ਤਾਂ **“ਸ਼ਾਂਤੀ ਭੰਗ”** ਦੇ ਨਾਮ ’ਤੇ ਪੁਲਿਸ ਆ ਜਾਵੇਗੀ। ਕਾਲੋਨੀਅਲ ਰਾਜ ਦੀ ਸਭ ਤੋਂ ਵੱਡੀ ਜਿੱਤ ਇਹ ਸੀ ਕਿ ਉਹ ਲੋਕਾਂ ਨੂੰ ਇਹ ਮਹਿਸੂਸ ਕਰਵਾ ਦੇਂਦਾ ਕਿ “ਰਾਜ ਨਾਲ ਟੱਕਰ ਲੈਣਾ ਮਹਿੰਗਾ ਹੈ। ਜਦੋਂ ਸਮਾਜ ਦਾ ਵੱਡਾ ਹਿੱਸਾ ਚੁੱਪ ਬੈਠ ਜਾਵੇ, ਰਾਜ ਆਪਣੇ ਆਪ ਮਜ਼ਬੂਤ ਹੋ ਜਾਂਦਾ ਹੈ।

**ਸਿੱਖਿਆ ਅਤੇ ਭਾਸ਼ਾ: “ਕਲਰਕ ਬਣਾਉਣ ਵਾਲਾ” ਰਾਜ ਪਹਿਲਾਂ ਭਾਸ਼ਾ ਬਦਲੋ, ਫਿਰ ਸੋਚ, ਕਾਲੋਨੀਅਲ ਰਾਜ ਨੂੰ ਸਦਾ ਇੱਕ ਸਵਾਲ ਸੀ:** ਅਸੀਂ ਇੰਨੇ ਵੱਡੇ ਦੇਸ਼ ਨੂੰ ਘੱਟ ਲੋਕਾਂ ਨਾਲ ਕਿਵੇਂ ਚਲਾਈਏ? ਉਸਦਾ ਜਵਾਬ ਸੀ ਇੱਕ ਐਸੀ ਪਰਤ ਬਣਾਈਏ ਜੋ ਸਾਡੀ ਭਾਸ਼ਾ/ਸਾਡਾ ਸਿਸਟਮ ਜਾਣਦੀ ਹੋਵੇ ਅਤੇ ਲੋਕਾਂ ਨਾਲ ਵਿਚੌਲਾ ਬਣ ਕੇ ਕੰਮ ਕਰੇ। ਇਥੇ **“ਸਿੱਖਿਆ”** ਇੱਕ ਉੱਚਾ ਨਜ਼ਰੀਆ ਨਹੀਂ ਰਹਿੰਦੀ ਉਹ ਇੱਕ ਰਾਜਨੀਤਕ ਟੂਲ ਬਣ ਜਾਂਦੀ ਹੈ। ਜਦੋਂ ਨੌਕਰੀਆਂ, ਇਮਤਿਹਾਨ, ਅਦਾਲਤ, ਅਤੇ ਦਫ਼ਤਰੀ ਚੜ੍ਹਾਈ ਦਾ ਰਸਤਾ ਕਿਸੇ ਖ਼ਾਸ ਭਾਸ਼ਾ ਨਾਲ ਜੁੜ ਜਾਂਦਾ ਹੈ, ਤਾਂ ਸਮਾਜ ਵਿੱਚ ਇੱਕ ਨਵਾਂ ਵਰਗ ਬਣ ਜਾਂਦਾ ਹੈ, ਜਿਸ ਲਈ ਭਾਸ਼ਾ ਸਿਰਫ਼ ਬੋਲਚਾਲ ਨਹੀਂ, ਤਾਕਤ ਹੈ। ਫਿਰ ਜਿਹੜੇ ਲੋਕ ਇਹ ਭਾਸ਼ਾ ਨਹੀਂ ਸਿੱਖ ਸਕਦੇ, ਉਹ ਕਾਬਲੀਅਤ ਦੇ ਬਾਵਜੂਦ ਵੀ ਪਿੱਛੇ ਰਹਿ ਜਾਂਦੇ ਹਨ। ਇਹੀ ਥਾਂ ਤੇ ਬੇਇਨਸਾਫੀ ਪੈਦਾ ਹੁੰਦੀ ਹੈ ਕਿਉਂਕਿ ਕਾਬਲੀਅਤ ਦੀ ਥਾਂ **“ਐਕਸੈਸ”**(ਪਹੁੰਚ) ਮੁੱਖ ਬਣ ਜਾਂਦੀ ਹੈ। ਭਾਸ਼ਾ ਦੀ ਸਿਆਸਤ ਦਾ ਸਭ ਤੋਂ ਵੱਡਾ ਨਤੀਜਾ ਇਹ ਹੁੰਦਾ ਹੈ ਕਿ ਲੋਕਾਂ ਦੀ ਮਾਂ-ਬੋਲੀ **“ਘਰ ਦੀ ਭਾਸ਼ਾ”** ਬਣ ਕੇ ਰਹਿ ਜਾਂਦੀ ਹੈ ਅਤੇ ਰਾਜ ਦੀ ਭਾਸ਼ਾ **“ਰੋਟੀ ਵਾਲੀ ਭਾਸ਼ਾ”** ਇਹ ਦੋਹਰੀ ਸੋਚ ਕਈ ਪੀੜ੍ਹੀਆਂ ਤੱਕ ਚੱਲ ਸਕਦੀ ਹੈ, ਅਤੇ ਇੱਕ ਦਿਨ ਲੋਕ ਆਪਣੀ ਹੀ ਭਾਸ਼ਾ ਨੂੰ **“ਘੱਟ ਕੰਮ ਦੀ”** ਸਮਝਣ ਲੱਗ ਪੈਂਦੇ ਹਨ। ਇਹੀ ਕਾਲੋਨੀਅਲ ਮਨੋਵਿਗਿਆਨ ਹੈ ਤਾਕਤ ਵਾਲੀ ਚੀਜ਼ ਨੂੰ ਯੋਗਤਾ ਮੰਨ ਲੈਣਾ ਅਤੇ ਆਪਣੀ ਚੀਜ਼ ਨੂੰ ਸਿਰਫ਼ ਰਿਵਾਜ਼ ਮੰਨ ਲੈਣਾ।

**ਪੰਜਾਬ: 1849 ਤੋਂ ਬਾਅਦ ਭਾਸ਼ਾ-ਸਿੱਖਿਆ ਕਿਵੇਂ ਹਾਸ਼ੀਏ ’ਤੇ ਗਈ (ਪਰ ਮਰੀ ਨਹੀਂ)** : ਪੰਜਾਬ ਦਾ ਕੇਸ ਇਸ ਚਰਚਾ ਦਾ ਸਭ ਤੋਂ ਤਿੱਖਾ ਹਿੱਸਾ ਹੈ, ਕਿਉਂਕਿ ਇੱਥੇ ਰਾਜ, ਭਾਸ਼ਾ ਅਤੇ ਪਛਾਣ ਇਕ-ਦੂਜੇ ਨਾਲ ਗੁੰਝ ਜਾਂਦੇ ਹਨ। 1849 ਤੋਂ ਬਾਅਦ ਪੰਜਾਬ ਵਿੱਚ ਨਵਾਂ ਪ੍ਰਬੰਧ ਆਇਆ। ਅੰਗਰੇਜ਼ਾਂ ਲਈ ਇਹ ਸੂਬਾ ਸਿਰਫ਼ ਜ਼ਮੀਨ ਨਹੀਂ ਸੀ ਇਹ ਸਰਹੱਦੀ ਮਹੱਤਤਾ, ਫੌਜੀ ਭਰਤੀ ਅਤੇ ਇੱਕ ਅਜਿਹਾ ਸਮਾਜ ਸੀ ਜਿਸਦੀ ਆਪਣੀ ਇਤਿਹਾਸਕ-ਧਾਰਮਿਕ ਰੀੜ੍ਹ ਸੀ। ਇਸ ਲਈ ਪੰਜਾਬ ਨੂੰ ਚਲਾਉਣ ਲਈ ਉਹਨਾਂ ਨੇ ਦਫ਼ਤਰੀ ਅਤੇ ਅਦਾਲਤੀ ਢਾਂਚੇ ਨੂੰ ਐਸਾ ਬਣਾਇਆ ਕਿ ਆਮ ਲੋਕਾਂ ਦੀ ਭਾਸ਼ਾ ਪਾਵਰ ਦੇ ਕੇਂਦਰ ਤੱਕ ਸਿੱਧੀ ਨਾ ਪਹੁੰਚੇ। ਇਥੇ ਇਕ ਗੱਲ ਸਪੱਸ਼ਟ ਸਮਝਣੀ ਚਾਹੀਦੀ ਹੈ: ਕਾਲੋਨੀਅਲ ਰਾਜ ਨੇ ਪੰਜਾਬੀ ਨੂੰ ਇਕ ਦਿਨ ਵਿੱਚ **“ਖਤਮ”** ਨਹੀਂ ਕੀਤਾ। ਪੰਜਾਬੀ ਲੋਕਾਂ ਦੀ ਜ਼ੁਬਾਨ ਸੀ ਇਹ ਕਿਵੇਂ ਖਤਮ ਹੋ ਸਕਦੀ ਸੀ ? ਪਰ ਰਾਜ ਨੇ ਇਸਨੂੰ ਉੱਚੀ ਪਾਵਰ-ਚੈਨਲ ਤੋਂ ਦੂਰ ਰੱਖਿਆ। ਕਚਹਿਰੀ, ਦਫ਼ਤਰ, ਨੌਕਰੀ ਦੀ ਯੋਗਤਾ ਅਤੇ ਉੱਚ ਸਿੱਖਿਆ ਵਿੱਚ ਜਿਹੜੀ ਭਾਸ਼ਾ/ਲਿਪੀ ਨੂੰ ਅਹਿਮੀਅਤ ਮਿਲੀ ਉਹੀ ਲੋਕਾਂ ਲਈ ਚੜ੍ਹਾਈ ਦੀ ਸੀੜ੍ਹੀ ਬਣੀ। ਪੰਜਾਬੀ/ਗੁਰਮੁਖੀ ਕਈ ਵਾਰੀ ਧਾਰਮਿਕ-ਸਮਾਜਕ ਜੀਵਨ ਵਿੱਚ ਮਜ਼ਬੂਤ ਰਹੀ, ਪਰ ਸਰਕਾਰੀ ਸਿਸਟਮ ਵਿੱਚ ਉਸਦੀ ਹਸਤੀ ਉਹ ਨਹੀਂ ਬਣਾਈ ਗਈ ਜੋ ਬਣ ਸਕਦੀ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਵਿੱਚ ਲੋਕਾਂ ਨੇ ਦੋ ਰਸਤੇ ਵੇਖੇ, ਇੱਕ ਰਸਤਾ ਉਹ ਜੋ ਨੌਕਰੀ/ਕਚਹਿਰੀ ਵੱਲ ਜਾਂਦਾ ਸੀ ਅਤੇ ਇੱਕ ਰਸਤਾ ਉਹ ਜੋ ਆਪਣੀ ਭਾਸ਼ਾ-ਪਛਾਣ ਨੂੰ ਸੰਭਾਲਦਾ ਸੀ। ਬਹੁਤ ਲੋਕ ਦੋਵੇਂ ਇਕੱਠੇ ਚਲਾਉਣ ਦੀ ਕੋਸ਼ਿਸ਼ ਕਰਦੇ, ਪਰ ਸਿਸਟਮ ਐਸਾ ਸੀ ਕਿ ਕਈ ਵਾਰ ਦੋਹਾਂ ਵਿੱਚ ਟਕਰਾਅ ਆਉਂਦਾ। ਜਦੋਂ ਕਮਾਈ, ਇੱਜ਼ਤ ਅਤੇ ਸਰਕਾਰੀ ਦਰਬਾਰ ਦੀ ਪਹੁੰਚ ਕਿਸੇ ਹੋਰ ਭਾਸ਼ਾ ਨਾਲ ਜੁੜੀ ਹੋਵੇ, ਤਾਂ ਮਾਂ-ਬੋਲੀ ਨਾਲ ਜੁੜੀ ਲੜਾਈ ਇੱਕ **“ਸਵੈ-ਇੱਜ਼ਤ”** ਦੀ ਲੜਾਈ ਬਣ ਜਾਂਦੀ ਹੈ।


ਇਸੇ ਟਕਰਾਅ ਵਿੱਚ ਪੰਜਾਬ ਵਿੱਚ ਭਾਸ਼ਾ ਅਤੇ ਸਿੱਖਿਆ ਨੂੰ ਬਚਾਉਣ ਵਾਲੀਆਂ ਲਹਿਰਾਂ ਮਜ਼ਬੂਤ ਹੋਈਆਂ। ਲੋਕਾਂ ਨੇ ਛਾਪਾਖਾਨੇ, ਮੈਗਜ਼ੀਨ, ਪਾਠਸ਼ਾਲਾਵਾਂ ਅਤੇ ਸਮਾਜਿਕ ਜਾਗਰੂਕਤਾ ਰਾਹੀਂ ਗੁਰਮੁਖੀ/ਪੰਜਾਬੀ ਦੀ ਹਿਫ਼ਾਜ਼ਤ ਕੀਤੀ। ਇਹ ਸਾਨੂੰ ਇੱਕ ਵੱਡੀ ਸਿੱਖ ਦਿੰਦਾ ਹੈ ਜਦੋਂ ਰਾਜ ਭਾਸ਼ਾ ਨੂੰ ਹਾਸ਼ੀਏ ‘ਤੇ ਧੱਕਦਾ ਹੈ ਤਾਂ ਸਮਾਜ ਜਾਂ ਤਾਂ ਹਾਰ ਜਾਂਦਾ ਹੈ ਜਾਂ ਫਿਰ ਆਪਣੀਆਂ ਸੰਸਥਾਵਾਂ ਬਣਾ ਕੇ ਮੁੜ ਖੜ੍ਹਦਾ ਹੈ। ਪੰਜਾਬ ਨੇ ਅਕਸਰ ਦੂਜਾ ਰਸਤਾ ਚੁਣਿਆ।

**ਭਾਗ 1 ਦਾ ਨਿਚੋੜ :** ਅੰਗਰੇਜ਼ਾਂ ਨੇ ਭਾਰਤ ’ਤੇ ਰਾਜ ਇਸ ਲਈ ਨਹੀਂ ਕੀਤਾ ਕਿ ਉਹ **“ਬਹਾਦਰ”** ਸਨ, ਪਰ ਇਸ ਲਈ ਕਿ ਉਹਨਾਂ ਨੇ ਰਾਜ ਕਰਨ ਦਾ ਮਸ਼ੀਨੀ ਢਾਂਚਾ ਬਣਾਇਆ। ਰੈਵਨਿਊ ਨੇ ਪੈਸਾ ਦਿੱਤਾ, ਕਾਨੂੰਨ/ਪੁਲਿਸ ਨੇ ਡਰ ਦਿੱਤਾ, ਸਿੱਖਿਆ-ਭਾਸ਼ਾ ਨੇ ਤਾਕਤ ਦਾ ਰਸਤਾ ਬਣਾਇਆ ਅਤੇ ਸਥਾਨਕ ਸਾਥੀ ਵਰਗ ਨੇ ਲੋਕਾਂ ਨੂੰ ਆਪਣੇ ਹੀ ਲੋਕਾਂ ਰਾਹੀਂ ਕਾਬੂ ਕੀਤਾ। ਪੰਜਾਬ ਵਿੱਚ ਭਾਸ਼ਾ-ਸਿੱਖਿਆ ਦੀ ਸਿਆਸਤ ਇਸੀ ਮਾਡਲ ਦਾ ਸਭ ਤੋਂ ਜੀਵੰਤ ਦਰਸ਼ਨ ਹੈ।

**ਚਲਦਾ......................**

ਘੱਲੂਘਾਰਾ ਦਿਵਸ ’ਤੇ ਵਿਸ਼ੇਸ਼

# ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ



ਭਗਵਾਨ ਸਿੰਘ ਜੌਹਲ
ਮੋ. 98143-24040

ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ ਸਮੇਂ ਦੀ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਰਾਹ ਤੁਰ ਪਈ । ਸਮੁੱਚੀ ਕੌਮ ਨੂੰ ਛੇ-ਸੱਤ ਦਹਾਕਿਆਂ ਤੱਕ ਜੰਗਲਾਂ ਵਿੱਚ ਰਹਿਣਾ ਪਿਆ ।

ਜਿਸ ਕੌਮ ਦੀਆਂ ਤਿੰਨ-ਚਾਰ ਪੀੜ੍ਹੀਆਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿੱਚ ਰਹਿਣਾ ਪਿਆ ਹੋਵੇਗਾ, ਉਸ ਕੌਮ ਦੇ ਪੁਰਖੇ ਕਿੰਨੇ ਸਖਤ ਜਾਨ ਹੋਣਗੇ । ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਖੂਨੀ ਸਾਕਾ 18ਵੀਂ ਸਦੀ ਵਿੱਚ 1762 ਈ: ਵਿੱਚ ਕੁੱਪ-ਰੁਹੀੜੇ ਦੇ ਅਸਥਾਨ ’ਤੇ ਫਰਵਰੀ ਦੇ ਮਹੀਨੇ ਵਿੱਚ ਵਾਪਰਿਆ । ਇਸ ਖੂਨੀ ਸਾਕੇ ਤੋਂ ਪਹਿਲਾਂ ਇਕ ਛੋਟਾ ਘੱਲੂਘਾਰਾ ਵੀ ਵਾਪਰਿਆ ।

ਇਹ ਘੱਲੂਘਾਰਾ ਵੱਡੇ ਘੱਲੂਘਾਰੇ ਤੋਂ 16 ਸਾਲ ਪਹਿਲਾਂ 1746 ਈ: ਵਿੱਚ ਮਈ-ਜੂਨ ਦੇ ਮਹੀਨਿਆਂ ਵਿੱਚ ਕਾਹਨੂੰਵਾਨ ਦੇ ਛੰਭ ਵਿੱਚ ਵਾਪਰਿਆ ਸੀ । ਇਸ ਤੋਂ ਬਾਅਦ ਇਕ ਤੀਜਾ ਘੱਲੂਘਾਰਾ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਵਾਪਰਿਆ । ਇਸ ਖੂਨੀ ਸਾਕੇ ਨੂੰ ਜੂਨ-1984 ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਪਰ ਅਠਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਤੋਂ ਆਰੰਭ ਹੁੰਦਾ ਹੈ ।

ਇਸ ਅਠਾਰਵੀਂ ਸਦੀ ਵਿੱਚ ਮੁਗਲ ਹਕੂਮਤ ਵੱਲੋਂ ਕੀਤੇ ਤਸ਼ੱਦਦ ਨਾਲ ਪੰਜਾਬ ਦੇ ਇਤਿਹਾਸ ਦਾ ਕੋਈ ਪੰਨਾ ਅਜਿਹਾ ਨਹੀਂ ਜੋ ਸਿੱਖਾਂ ਨਾਲ ਹੋਏ ਟਕਰਾਅ ਦੀ ਦਾਸਤਾਨ ਤੋਂ ਖਾਲੀ ਹੋਵੇਗਾ । ਵੱਡਾ ਘੱਲੂਘਾਰਾ ਕੁੱਪ-ਰੁਹੀੜਾ (ਨੇੜੇ ਮਲੇਰਕੋਟਲਾ) ਦੇ ਅਸਥਾਨ ’ਤੇ ਜੋ ਲੁਧਿਆਣੇ ਤੋਂ ਮਲੇਰਕੋਟਲਾ ਜਾਣ ਵਾਲੀ ਸੜਕ ਦੇ ਪੱਛਮ ਵੱਲ ਮੌਜੂਦ ਹੈ, ਵਿਖੇ ਵਾਪਰਿਆ । ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕਸਮ ਖਾਧੀ ਹੋਈ ਸੀ ।

ਪਰ ਇਸ ਤੋਂ ਉਲਟ ਜਿਉਂ-ਜਿਉਂ ਜ਼ਬਰੋ-ਜ਼ੁਲਮ ਕਰ ਰਿਹਾ ਸੀ, ਤਿਉਂ-ਤਿਉਂ



ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਈ ਜਾ ਰਿਹਾ ਸੀ । ਇਹ ਗੱਲ ਸਿੱਖ ਕੌਮ ਦੀ ਚੜ੍ਹਦੀਕਲਾ ਦਾ ਪ੍ਰਤੱਖ ਸਬੂਤ ਸੀ ।

1762 ਈ: ਵਿੱਚ ਬਾਤ-ਦਾ ਬਤੰਗੜ ਬਣਾਉਣ ਵਾਲੇ ਗੱਦਾਰਾਂ ਨੇ ਚੁਗਲੀਆਂ ਕਰ-ਕਰ ਅਬਦਾਲੀ ਨੂੰ ਛੇਵੇਂ ਹਮਲੇ ਲਈ ਉਕਸਾਇਆ । ਹਮਲੇ ਦੀ ਸੋਅ ਮਿਲਣ-ਸਾਰ ਸਿੱਖਾਂ ਨੇ ਯੁੱਧ ਨੀਤੀ ਅਨੁਸਾਰ ਖਿੰਡ-ਪੁੰਡ ਕੇ ਮਾਲਵੇ ਦੇ ਮਾਰੂਥਲ ਵਾਲੇ ਇਲਾਕੇ ਵੱਲ ਕੂਚ ਕਰ ਦਿੱਤਾ । ਕੁੱਪ-ਰੁਹੀੜੇ ਦੇ ਥੇਹ ਉੱਤੇ ਇਕ ਢਾਬ ਦੇ ਕਿਨਾਰੇ ਜਾ ਡੇਰੇ ਲਾਏ । ਤਕਰੀਬਨ ਸਿੱਖਾਂ ਦੀਆਂ ਸਾਰੀਆਂ ਵਹੀਰਾਂ ਜਿਨ੍ਹਾਂ ਦੀ ਗਿਣਤੀ ਵੱਖ-ਵੱਖ ਇਤਿਹਾਸਕਾਰਾਂ ਨੇ 50-60 ਹਜ਼ਾਰ ਦੱਸੀ ਹੈ । ਇਨ੍ਹਾਂ ਵਹੀਰਾਂ ਵਿੱਚ ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸ਼ਾਮਿਲ ਸਨ । ਜਦੋਂ ਅਬਦਾਲੀ ਨੂੰ ਸਿੱਖਾਂ ਨੂੰ ਪਾਣੀ ਦੀ ਢਾਬ ਕਿਨਾਰੇ ਇਕੱਠੇ ਹੋਣ ਦੀ ਸੂਹ ਮਿਲੀ ਤਾਂ ਉਹ ਆਪਣੀਆਂ ਫੌਜਾਂ ਨੂੰ ਲੈ ਕੇ ਕੁੱਪ-ਰੁਹੀੜੇ ਨੂੰ ਚੱਲ ਪਿਆ । ਇਧਰ ਅਬਦਾਲੀ ਦੇ ਹੁਕਮ ਅਨੁਸਾਰ ਨਵਾਬ ਜੈਨ ਖਾਂ ਸਰਹੰਦ ਤੇ ਨਵਾਬ ਮਲੇਰਕੋਟਲਾ ਨੇ ਆਪਣੇ ਲਸ਼ਕਰ ਸਮੇਤ ਕੁੱਪ-ਰੁਹੀੜਾ ਦੇ ਥੇਹ ਉੱਤੇ ਬੈਠੇ ਸਿੱਖਾਂ ਦੀਆਂ ਵਹੀਰਾਂ ਨੂੰ ਘੇਰਾ ਪਾ ਲਿਆ । ਨੌਜਵਾਨ ਸਿੱਖਾਂ ਨੇ ਆਪਣੇ ਜਰਨੈਲਾਂ ਦੀ ਅਗਵਾਈ ਅਬਦਾਲੀ ਦੀਆਂ ਦੋ ਤੋਂ ਢਾਈ ਲੱਖ ਫੌਜਾਂ ਦਾ ਆਲੇ ਦੁਆਲੇ ਤੋਂ ਘੇਰਾ ਪਾ ਕੇ ਸਖ਼ਤ ਮੁਕਾਬਲਾ ਕੀਤਾ ।

ਸਿੱਖ ਪਰਿਵਾਰਾਂ ਨੂੰ ਬਚਾਉਣ ਲਈ ਭਾਈ ਸ਼ੇਖੂ ਸਿੰਘ, ਭਾਈ ਸੱਗੂ ਸਿੰਘ ਭਾਈਕਾ ਜਾਨ ਹੂਲ ਕੇ ਪਰਿਵਾਰਾਂ ਨੂੰ ਬਚਾਉਣ ਲਈ ਜਾਨ ਹੂਲ ਕੇ ਲੜ ਰਹੇ ਸਨ । ਉਸ ਸਮੇਂ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਸ. ਚੜ੍ਹਤ ਸਿੰਘ ਸ਼ੁਕਰਚੱਕੀਆ, ਸ. ਕਰੋੜਾ ਸਿੰਘ, ਸ. ਕਰਮ ਸਿੰਘ, ਸ. ਗੁਜਰ ਸਿੰਘ, ਸ. ਨਾਹਰ ਸਿੰਘ, ਸ. ਹਰੀ ਸਿੰਘ ਭੰਗੂ ਆਦਿ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਸਰਦਾਰ ਜੰਗ-ਏ-ਮੈਦਾਨ ਵਿੱਚ ਕੌਮ ਲਈ ਜੂਝ ਰਹੇ ਸਨ । ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਬੁੱਢਾ ਦੱਲ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਪਰ ਛੋਟੇ-ਵੱਡੇ 22 ਫੱਟ ਲੱਗੇ ਸਨ ।

ਇਸ ਘੱਲੂਘਾਰੇ ਦੇ ਇਸ ਘਮਸਾਣ ਦੇ ਯੁੱਧ ਵਿੱਚ ਸਿੱਖ ਦੁਰਾਨੀ ਦੀ ਫੌਜ ਅੱਗੇ ਚਟਾਨ ਵਾਂਗ ਅੜ ਖਲੋਤੇ । ਇਸ ਘੱਲੂਘਾਰੇ ਪ੍ਰਤੀ ਇਤਿਹਾਸਕਾਰਾਂ ਮੁਤਾਬਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਕਲਾ ਵਰਤ ਰਹੀ ਸੀ । ਆਪਣੇ ਵਹੀਰ ਵਿੱਚ ਸ਼ਾਮਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਬਚਾਉਂਦੇ ਅੱਗੇ ਵੱਧਦੇ ਗਏ ।

ਥੋੜ੍ਹੇ ਸਮੇਂ ਵਿੱਚ ਹੀ ਇਸ ਲਹੂ ਡੋਲਵੀਂ ਲੜਾਈ ਵਿੱਚ ਜੰਗ-ਏ-ਮੈਦਾਨ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ । ਬਹਾਦਰੀ ਨਾਲ ਲੜਨ ਵਾਲੇ ਸਿੱਖ ਸਰਦਾਰਾਂ ਦੇ ਸਰੀਰ ਤੇਜ਼ ਹਥਿਆਰਾਂ ਨਾਲ ਵਿੰਨ੍ਹੇ ਗਏ । ਸ. ਆਹਲੂਵਾਲੀਆ ਤੋਂ ਇਲਾਵਾ ਸ. ਸ਼ਾਮ ਸਿੰਘ ਦੇ ਸਰੀਰਾਂ ਉੱਪਰ ਅਨੇਕਾਂ ਡੂੰਘੇ ਤੇ ਗਹਿਰੇ ਫੱਟ ਲੱਗੇ ਸਨ । ਕੁੱਪ-ਰੁਹੀੜੇ ਦੀ ਇਸ ਰਣ-ਭੂਮੀ ਵਿੱਚ ਹੋਏ ਇਸ ਘਮਸਾਨ ਦੇ ਯੁੱਧ ਵਿੱਚ 9 ਫਰਵਰੀ, 1762 ਨੂੰ ਤਕਰੀਬਨ 30-35 ਹਜ਼ਾਰ ਸਿੰਘ ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹਾਦਤ ਦਾ ਜਾਮ ਪੀਤਾ ।

ਕੁਝ ਇਤਿਹਾਸਕਾਰਾਂ ਮੁਤਾਬਕ ਇਸ ਘੱਲੂਘਾਰੇ ਵਿੱਚ ਤਕਰੀਬਨ ਅੱਧੀ ਸਿੱਖ ਕੌਮ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ । ਇਸ ਵੱਡੇ ਕੌਮੀ ਨੁਕਸਾਨ ਤੇ ਸ਼ਹੀਦੀਆਂ ਨੂੰ ਵੇਖਦਿਆਂ ਨੂੰ ਇਸ ਖੂਨੀ ਸਾਕੇ ਨੂੰ ਵੱਡੇ-ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ । ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਕੁੱਪ-ਰੁਹੀੜੇ ਦੇ ਇਸ ਅਸਥਾਨ ’ਤੇ ਗੁ: ਵੱਡਾ ਘੱਲੂਘਾਰਾ ਅਤੇ ਸ਼ਹੀਦੀ ਯਾਦਗਾਰ ਨੂੰ ਵੇਖਣ ਲਈ ਅੱਜ ਵੀ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੁੰਦੀ ਹੈ । ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ ।

